ਤੇਰਾ ਭਲਾ ਨਜ਼ਰ ਆਇਆ ਸੱਭੋ ਦੁਖਤੇ ਸੁਖ ਨਿਬੇੜਿਆਈ ॥ ਨੈਣਸ਼ੋਖ ਹੋਏ ਰੰਗ ਚਮਕ ਆਇਆ ਕਿਸੇ ਜੋਬਨੇਦਾ ਖੂਹਾ ਗੇੜਿਆਈ॥ਆਸ਼ਕ ਮਸਤ ਹਾਥੀ ਕਾਲੇ ਬਾਗ਼ ਵਾਲਾ ਤੇਰੇ ਬੈਗਲੇ ਨਾਲ ਖਹੇੜਿਆਈ ॥ ਵਾਰਸਸ਼ਾਹ ਜਿਉਂ ਹੁਸਨ ਮੈਦਾਨ ਚੜ੍ਹਕੇ ਘੋੜਾ ਸ਼ਾਹ ਸਵਾਰ ਨੇ ਫੇਰਿਆਈ ॥

॥ ਕਲਾਮ ਸਹਿਤੀ ॥

ਨੈਣ ਮਸਤ ਤੇਰੇ ਗੱਲ੍ਹਾਂ ਲਾਲ ਹੋਈਆਂ ਫਾਕਾਂ ਭੰਨ ਚੋਲੀ ਵਿਚ ਠੇਹਲੀਆਂ ਨੀ ॥ ਕਿਸੇ ਹਿੱਕ ਤੇਰੀ ਨਾਲ ਹਿੱਕ ਜੋੜੀ ਪੇਡੂ ਨਾਲ ਵਲੂੰਦਰਾਂ ਮੇਲੀਆਂ ਨੀ ॥ ਕਿਸੇ ਐਬ ਤੇਰੇ ਅੱਜ ਚੂਪ ਲਏ ਤਿਲ ਪੀੜ ਕਢੇ ਜਿਵੇਂ ਤੇਲੀਆਂ ਨੀ ॥ ਤੇਰਾ ਕਿਸੇ ਨਢੇ ਨਾਲ ਮੇਲ ਹੋਇਆ ਧਾਰਾਂ ਕੱਜਲੇ ਦੀਆਂ ਸੁਰਮਲੀਆਂ ਨੀ ॥ ਦਸ ਵਾਰਸਾ ਕਿਸਨੇ ਚੂਪੀਏਂ ਤੂੰ ਕਿਸੇ ਚੋਸੇ ਹੀ ਹੋਰੀਆਂ ਖੇਲੀਆਂ ਨੀ ॥

॥ ਤਾਨੇ ਸਹਿਤੀ ॥

ਕਿਸੇ ਮਲਦਲ ਸੁਟੀਏਂ ਵਾਂਗ ਫੁਲਾਂ ਬੋਕਾਂ ਮਾਣੀਆਂਤੇਰੀਆਂ ਬੇਲੀਆਂ ਨੀ॥ਕਿਸੇ ਜੋਸ਼ਭਰੇ ਫੜ ਪੀੜੀਏਂ ਤੂੰ ਧੜਕੇ ਕਾਲ-ਜਾ ਤੇ ਪੈਣ ਤ੍ਰੇਲੀਆਂ ਨੀ॥ ਭਰਿਆ ਕੁੰਨੂਆਂ ਦਾ ਖੁਲ੍ਹਾ ਅੱਜ ਬਾਰਾ ਕੌਂਤਾਂ ਰਾਵੀਆਂ ਚਾਹ ਮਹੇਲੀਆਂ ਨੀ ॥ ਕਿਸੇ ਲਈ ਉ ਸ਼ਠਾਕਨੇ ਜਿਤ ਬਾਜ਼ੀ ਪਾਸਾ ਲਾਇਕੇ ਬਾਜ਼ੀਆਂ ਖੇਲੀਆਂ ਨੀ॥ਸੂਬੇਦਾਰਨੇ ਕਿਲ੍ਹੇਨੂੰ ਢਾਹਤੋਪਾਂ ਘਤ ਜ਼ੋਰ ਤੇ ਰਈਅਤਾਂ

ਮੈਲੀਆਂ ਨੀ॥ਤੇਰੀਆਂ ਗੱਲ੍ਹਾਂ ਤੇ ਦੰਦਾਂ ਦੇ ਦਾਗ ਦਿੱਸਨ ਜਿਵੇਂ ਸਾਧੂਆਂ ਠਾਕਰਾਂ ਚੇਲੀਆਂ ਨੀ॥ ਜ਼ੁਲਫ਼ਾਂ ਤੇਰੀਆਂ ਬਾਂਕੀਆਂ ਸਿੱਧੀਆਂ ਨੀ ਵੜਨ ਕੁੰਡਲਾਂ ਵਿੱਚ ਨਾਗ ਨਵੇਲੀਆਂ ਨੀ॥ ਅੱਜ ਨਹੀਂ ਅਯਾਲੀ ਨੇ ਖ਼ਬਰ ਲੱਧੀ ਬੱਘਿਆੜ ਨੇ ਰੋਲੀਆਂ ਛੇਲੀਆਂ ਨੀ॥ ਅੱਜ ਖੇੜਿਆਂ ਦੇ ਨਾਲ ਮਸਤੀਆਂ ਦੇ ਹਥਿਆਣੀਆਂ ਹਾਥੀਆਂ ਮੇਲੀਆਂ ਨੀ॥ ਛੁਟਾ ਬਾਂਜ਼ ਜੜ੍ਹਾ ਬਾਗ਼ ਦੇ ਸੜੇ ਵਾਲਾ ਰਾਹ ਕੱਢੀਆਂ ਸਭ ਹਵੇਲੀਆਂ ਨੀ॥ ਥੱਕ ਟੁੱਟ ਕੇ ਘਰੀਂ ਤੂੰ ਆਇ ਪਈਏਂ ਲਗੀਆਂ ਮੁਠੀਆਂ ਭਰਨ ਸਹੇਲੀਆਂ ਨੀ॥ ਵਾਰਸ ਸ਼ਾਹ ਤੂੰ ਹਾਲ ਬੇਹਾਲ ਹੋਈਏਂ ਕਿਸੇ ਬੇਲ੍ਹੀਆਂ ਤੇਰੀਆਂ ਚੈਲੀਆਂ ਨੀ॥ਜਿਵੇਂ ਸੋਹਣੇ ਆਦਮੀ ਫਿਰਨ ਬਾਹਰ ਕਿਰਰਕ ਦੌਲਤਾਂ ਰਹਿਨ ਛਿਪਾਈਆਂ ਨੀ॥ਅਜ ਕਈਆਂ ਦੇ ਦਿਲਾਂ ਦੀ ਆਸ ਪੁੰਨੀ ਜਮ ਜਮ ਆਣ ਬਾਗੀਂ ਭਰਜਾਈਆਂ ਨੀ॥ਵੱਸੇ ਬਾਗ਼ ਜੁਗਾਂ ਤਾਈਂ ਸੁਣੀ ਭਾਬੀ ਜਿੱਥੇ ਖਾਣ ਫ਼ਕੀਰ ਮਲਾਈਆਂ ਨੀ॥ਖ਼ਾਕ ਤੋਦਿਆਂ ਦੇ ਬਕੇ ਤੀਰ ਛੁਰੇ ਤੀਰੰਦਾਜ਼ਾਂ ਨੇਕ ਨੀਆਂ ਲਾਈਆਂ ਨੀ॥ ਪਾਣੀ ਬਾਸ਼ਕੀ ਦਾੜ੍ਹੀ ਖੇੜਿਆਂ ਦੀ ਅੱਜ ਮੁੰਨ ਕੱਢੀ ਇਨ੍ਹਾਂ ਨਾਈਆਂ ਨੀ॥ ਅੱਜ ਜੋ ਕੋਈ ਬਾਗ਼ ਵਿਚ ਆਇ ਵੜਿਆ ਮੂੰਹੋਂ ਮੰਗੀਆਂ ਦੌਲਤਾਂ ਪਾਈਆਂ ਨੀ॥ ਅੱਜ ਸੁਰਮਚੂ ਪਾਇ ਇਕੇ ਛੈਲੀਆਂ ਨੇ ਸੁਰਮੇ ਦਾਣੀਆਂ ਖੂਬ ਦਲਾਈਆਂ ਨੀ॥ ਸਿਆਮ ਭੌਰ ਭਏ ਚਸ਼ਮ ਪਿਆਰਿਆਂ ਦੇ ਭਰ ਭਰ ਪਾਉਂਦੇ ਰਹਿਣ ਸਲਾਈਆਂ ਨੀ॥ਅੱਜ ਆਬਦਾਰੀ ਰੜ੍ਹੀ

ਮੋਤੀਆਂ ਨੂੰ ਜੀਉ ਆਈਏ ਭਾਬੀਏ ਆਈਆਂ ਨੀ॥ ਵਾਰਸ਼ਾਹ ਹੈ ਪਾਣੀਆਂ ਜੇ ਰਕੀਤਾ ਬਹੁਤ ਖੁਸ਼ੀ ਹੋਈਆਂ ਮੁਰਗਾਈਆਂ ਨੀ॥ ਤੇਰੇ ਫੇਂਦਦੇ ਸੇਹਰੇ ਹੁਸਨ ਵਾਲੇ ਕਿਸੇ ਅੱਜ ਉਸ਼ਨਾਕ ਨੇ ਲੁੱਟ ਲਏ॥ ਤੇਰੇ ਸੀਨੇ ਨੂੰ ਕਿਸੇ ਟਟੋਲਿਆਈ ਨਾਪੇ ਮੁਸ਼ਕ ਵਾਲੇ ਲੇਵੇਂ ਪੁੱਟ ਲਏ॥ ਜੇਹੜੇ ਨਿਤ ਨਿਸ਼ਾਨ ਲੁਕਾਉਂਦੀ ਸੈਂ ਕਿਸੇ ਤੀਰ ਅੰਦਾਜ਼ ਨੇ ਚੁਟ ਲਏ॥ ਕਿਸੇ ਹਿੱਕ ਤੇਰੀ ਨਾਲ ਹਿੱਕ ਜੋੜੀ ਦੋਵੇਂ ਫੁਲ ਗੁਲਾਬ ਦੇ ਘੁੱਟ ਲਏ॥ ਕਿਸੇ ਹੋਇ ਬੇਦਰਦ ਕਸੀਸ ਦਿੱਤੀ ਬੰਦ ਬੰਦ ਕਮਾਨ ਦੇ ਟੁੱਟ ਗਏ॥ ਆਖ ਕਿਨ੍ਹਾਂ ਫੁਲੇਲੀਆਂ ਪੀੜੀਏਂ ਨੂੰ ਅਤਰ ਕੱਢਕੇ ਫੋਗ ਨੂੰ ਸੁੱਟ ਗਏ॥ ਰਹੇ ਪੀੜਦੇ ਮੁੱਕੀ ਨਾ ਏਹ ਘਾਣੀ ਏਥੇ ਕਈ ਮਜ਼ਦੂਰਾਂ ਦੇ ਹੱਟ ਗਏ॥ ਵਾਰਸਸ਼ਾਹ ਵੀਣੀ ਤੇਰੀ ਕਿਸੇ ਘੁੱਟੀ ਕੁਲਫ਼ ਕੰਗਣਾਂ ਦੇ ਤਦੋਂ ਟੁੱਟ ਗਏ॥

॥ ਕਲਾਮ ਸਹਿਤੀ ॥

ਪੇਡੂ ਸਾਫ਼ ਹੋਇਆ ਸੀਨਾ ਲਾਲ ਹੋਇਆ ਤੇਰੀ ਧੁੰਨੀ ਤੇ ਕਿਸੇ ਹੱਥ ਫੇਰਿਆਈ॥ ਤੇਰੀ ਗਾਦੀ ਨੂੰ ਕਿ ਅੱਜ ਧੱਕਿਆਈ ਖੂਹ ਕਿਸੇ ਨੇ ਹੁਸਨ ਦਾ ਗੇੜਿਆਈ॥ ਲਾਹਿ ਰੰਗ ਨਿਸੰਗ ਮਲੰਗ ਭਾਵੇਂ ਅੰਗ ਨਾਲ ਤੇਰੇ ਅੰਗ ਭੇੜਿਆਈ॥ ਲਾਹ ਰੱਖਣੀ ਦੁਧ ਦੇ ਦੇਗਚੇ ਦੀ ਕਿਸੇ ਅੱਜ ਮਲਾਈ ਨੂੰ ਛੇੜਿਆਈ॥ ਸੁਰਮੇਦਾਨੀ ਦਾ ਲਾਹ ਬਲੋਚਣਾ ਨੀ ਕਿਸੇ ਸੁਰਮਚੂ ਖੂਬ ਲਬੇੜਿਆਈ॥ ਵਾਰਸਸ਼ਾਹ ਪਿਛੋਂ ਕੋਈ ਆਇ

ਮਿਲਿਆ ਇਕੇ ਨਵਾਂ ਈਂ ਕੋਈ ਸਹੇੜਿਆਈ ॥

॥ ਤਾਨੇ ਸਹਿਤੀ ॥

ਭਾਬੀ ਅੱਜ ਤੇਰੇਜੋਬਨ ਲਹਿਰਦਿੱਤੀ ਜਿਵੇਂ ਨਦੀਦਾ ਨੀਰ
ਉਛੱਲਿਆਈ ॥ ਤੇਰੀ ਚੋਲੀਦੀਆਂ ਵਿਲੀਆਂ ਹੈਨਤਣੀਆਂ
ਤੈਨੂੰ ਕਿਸੇ ਮਹਬੂਬ ਪਥੱਲਿਆਈ ॥ ਕੁਲਫ਼ ਜੰਦਰਾ ਤੋੜਕੇ
ਚੋਰ ਵੜਿਆ ਅਜ ਬੀੜਾ ਕਸਤੂਰੀ ਦਾ ਹੱਲਿਆਈ ॥ ਸੂਹਾ
ਘੱਗਰਾ ਲੇਹੜਦੇ ਨਾਲਉਤੇ ਝੋਕਬੰਦਦੇਚੰਦਹੋਚੱਲਿਆਈ॥
ਕਸਤੂਰੀਦੇਮਿਰਗਜਿਉਂ ਫਾਹਲਈਏ ਕੋਈਵੱਡਾਅਹੇੜੀਆ
ਮੱਲਿਆਈ ॥ ਸੁਰਖ਼ੀ ਹੋਠਾਂਦੀ ਕਿਸੇਨੇ ਚੂਪਲਈਆ ਅੱਖ
ਸੱਖਣਾ ਮੋੜਕੇ ਘੱਲਿਆਈ ॥ ਤੇਰੇ ਨੈਣਾਂ ਦਾ ਕਜਲਾ ਕੱਢ
ਲਿਆ ਹੋਏ ਲਾਲ ਤਾਂ ਘਰਾਂ ਨੂੰ ਚੱਲਿਆਈ ॥ ਵਾਰਸਸ਼ਾਹ
ਬੇਦਰਦਨੇ ਤੋੜਘੱਤੀ ਸਾਰਾ ਜੋਰਬੇਦਰਦਦਾ ਝੱਲਿਆਈ ॥
ਤੇਰੇਸਯਾਹਤਤੋਲੜੇ ਕਜਲੇ ਦੇ ਠੋਡੀ ਗਲ੍ਹਾਂ ਤੇਰੀਆਂਉਤੇ
ਚੁੰਮ ਗਏ ॥ ਤੇਰੇ ਫੁੱਲ ਗੁਲਾਬ ਦੇ ਲਾਲ ਹੋਏ ਕਿਸੇਘੇਰਕੇ
ਰਾਹ ਵਿਚ ਚੁੰਮ ਲਏ ॥ ਤੇਰੇ ਖੂਨਚੇ ਦੋ ਸ਼ੱਕਰ ਪਾਰਿਆਂ ਦੇ
ਹੱਥ ਮਾਰਕੇ ਭੁਖਿਆਂ ਲੁੰਮ ਲਏ ॥ ਧਾੜਾ ਮਾਰਕੇ ਧਾੜਵੀ
ਵਿਆਂ ਦੇ ਰਲੇ ਝਾੜ ਬੂਟੇ ਕਿਤੇਚੁੰਮ ਗਏ॥ ਵਡੇ ਵਣਜ
ਹੋਏਅੱਜਜੋਬਨਾਂਦੇ ਕੋਈ ਨਵੇਂ ਵਣਜਾਰੜੇ ਘੁੰਮਗਏ॥ਕੋਈ
ਧੋਬੀ ਵਿਲਾਇਤੋਂ ਆਨ ਲੱਥੇ ਸਿਰੀ ਸਾਫ ਦੇ ਥਾਨ ਚੜ੍ਹ
ਖੁੰਬ ਗਏ॥ਤੇਰੀ ਚੋਲੀ ਵਲੂੰਧਰੀ ਸਣੇ ਸੀਨੇ ਸੁੱਕੀਆਂਈ ਨੂੰ

ਉਤੋਂ ਦੀ ਟੁੱਬ ਗਏ ॥ ਔਝੜੇ ਕਾਬਲੀ ਕੁੱਤੀਆਂ ਵਾਂਗ ਨੱਠੇ ਵਢਵਾਇਕੇ ਨੱਕ ਤੇ ਟੁੱਬ ਗਏ ॥ ਵਾਰਸਸ਼ਾਹ ਅਚੰਭੜਾ ਨਵਾਂ ਹੋਇਆ ਪਹਿਰੂ ਜਾਗਦੇ ਨੂੰ ਚੋਰ ਟੁੰਬ ਗਏ॥ ਕਿਸੇ ਕਹੇ ਨਪੀੜਨੇ ਪੀੜੀਏ ਤੂੰ ਤੇਰਾ ਰੰਗ ਹੋਇਆ ਜ਼ੋਰੀ ਫੁੱਲਦਾ ਨੀ॥ ਦਾਕਾਂ ਤੇਰੀਆਂ ਕਿਸੇ ਮਰੋੜੀਆਂ ਨੀ ਏਹ ਕੰਮ ਹੋਇਆ ਹੱਲ ਜੁੱਲ ਦਾ ਨੀ॥ ਤੇਰਾ ਲੱਕ ਕਿਸੇ ਘੁਟ ਤੋੜ ਦਿੱਤਾ ਨੱਕਾ ਕੇਲੇ ਨੂੰ ਚੇਤ੍ਰੋਂ ਘੁੱਲਦਾ ਨੀ ॥ ਵਾਰਸਸ਼ਾਹ ਮੀਆਂ ਇਹ ਦੁਆਇ ਮੰਗੋ ਬਾਰਾ ਖੁਲ੍ਹ ਜਾਏ ਅਜ ਕੱਲ ਦਾ ਨੀ ॥

॥ ਕਲਾਮ ਹੀਰ ॥

ਪਰਨੇ ਹਾਂਦਾ ਮੈਨੂੰ ਅੱਜ ਅਸਰ ਹੋਇਆ ਰੰਗ ਜ਼ਰਦ ਹੋਇਆ ਏਸ ਵਾਸਤੇ ਨੀ ॥ ਛਾਪਾਂ ਖੁੱਭ ਗਈਆਂ ਗੱਲ੍ਹਾਂ ਮੇਰੀਆਂ ਤੇ ਦਾਗ਼ ਲਾਲ ਪਏ ਏਸ ਵਾਸਤੇ ਨੀ ॥ ਕੱਦੇ ਜਾਂਦੇ ਨੂੰ ਜਾਇਕੇ ਮਿਲੀ ਸਾਂ ਮੈਂ ਤਣੀਆਂ ਢਿਲੀਆਂ ਨੀ ਏਸ ਵਾਸਤੇ ਨੀ ॥ ਰੈਨੀ ਅੱਥਰੂ ਡੁਲਕੇ ਮੁਖੜੇ ਤੇ ਖਿਲਰ ਗਏ ਤਲੋਲੜੇ ਪਾਸ ਤੇ ਨੀ॥ ਮੂਧੀ ਪਈ ਬਨੇਰੇ ਤੇ ਵੇਖਦੀ ਸਾਂ ਪੇਡੂ ਲਾਲ ਹੋਏ ਏਸੇ ਵਾਸਤੇ ਨੀ ॥ ਸੁਰਖੀ ਹੋਠਾਂ ਦੀ ਆਪ ਮੈਂ ਚੂਸ ਲਈਆਂ ਰੰਗ ਜ਼ਰਦ ਹੋਇਆ ਏਸੇ ਵਾਸਤੇ ਨੀ ॥ ਕੱਟਾ ਘੁਟਿਆ ਮੈਂ ਗਲ ਪਕੜ ਲੀਤਾ ਦਾਕਾਂ ਲਾਲ ਹੋਈਆਂ ਏਸ ਵਾਸਤੇ ਨੀ॥ ਮੇਰੇ ਪੇਡੂ ਨੂੰ ਕੱਟੇ ਨੇ ਢੁਡ ਮਾਰੀ ਲਾਸਾਂ ਪੈ ਗਈਆਂ ਮੇਰੜੇ ਮਾਸ ਤੇ ਨੀ॥ ਹੋਰ ਪੁਛ ਵਾਰਸ ਮੈਂ ਗ਼ਰੀਬਣੀ ਨੂੰ ਕਿਉਂ ਆਖਦੇ ਲੋਕ

ਮਹਾਸਤੇ ਨੀ ॥

॥ ਕਲਾਮ ਸਹਿਤੀ ॥

ਛਾਬੀਅੱਖੀਆਂ ਦਾ ਰੰਗ ਰੱਤ ਵੰਨਾ ਤੈਨੂੰ ਹੁਸਨ ਚੜ੍ਹਿਆ ਮਨ ਭਾਂਵਦਾਈ॥ਅੱਜਧਿਆਨ ਤੇਰਾ ਅਸਮਾਨਉੱਤੇਤੈਨੂੰ ਆਦਮੀ ਨਜ਼ਰਨਾਂ ਆਂਵਦਾਈ॥ਤੇਰੇ ਸੁਰਮੇ ਦੀਆਂ ਧਾਰੀਆਂ ਦਉੜ ਪਈਆਂ ਜਿਵੇਂ ਕਟਕ ਹੈ ਮਾਲਵੇ ਆਂਵਦਾਈ ॥ ਰੰਗਹੋਰਦਾ ਹੋਰ ਹੈ ਅਜ ਤੇਰਾ ਚਾਲਾ ਨਵਾਂ ਕੋਈ ਨਜ਼ਰ ਆਂਵਦਾਈ॥ ਰਾਜਪੂਤ ਮੈਦਾਂਨ ਵਿਚ ਲੜਨ ਤੇਗੀਂ ਅੱਗੇ ਢਾਢੀਆਂ ਦਾ ਪੂਤ ਗਾਂਵਦਾਈ ॥ ਅਜ ਆਖਦੇਨੀ ਵਾਰਸਸ਼ਾਹ ਹੋਰੀ ਖੇੜਾ ਕੌਣ ਗਾਂਹੂ ਕੇਹੜੇ ਥਾਉਂਦਾਈ ॥

॥ ਕਲਾਮ ਹੀਰ ॥

ਮੁੱਠੀ ਮੁੱਠੀ ਮੈਨੂੰਕੋਈ ਅਸਰ ਹੋਇਆ ਮੇਰਾਕੰਮ ਤੇ ਜੀਉਨਾ ਲੱਗਦਾਈ॥ਭੁੱਲੀ ਵਿਸਰੀ ਬੂਟੀ ਉਲੰਘ ਆਈ ਪੈਗਿਆ ਭੁਲਾਵੜਾ ਠੱਗਦਾਈ ॥ ਭੇਵਰ ਲਾਲਮੈਨੂੰ ਅਜ ਖੇੜਿਆਂਦਾ ਜਿਵੇਂ ਲੱਗੇ ਅਲੰਬੜਾ ਅੱਗਦਾਈ ॥ ਖੁੱਲ ਖੁੱਲ ਜਾਂਦੇ ਬੰਦ ਚੋਲੀਆਂ ਦੇ ਅਜ ਗਲ ਮੇਰੇ ਕੋਈ ਲੱਗਦਾਈ ॥ ਘਰ ਬਾਰ ਵਿੱਚੋਂ ਮੈਨੂੰ ਡਰਨ ਆਵੇ ਜਿਵੇਂ ਕਿਸੇ ਤਣਾਰਥਾ ਵੱਗਦਾਈ॥ ਅੱਗੇ ਜੋਬਨੇ ਆਣਕੇ ਹਾਰ ਦਿੱਤੀ ਬੀਬਾ ਆਂਵਦਾ ਪਾਣੀਤੇ ਝੱਗਦਾਈ ॥ ਵਾਰਸਸ਼ਾਹ ਬੁਲਾਇ ਨਾ ਮੂਲ ਮੈਨੂੰ ਅੱਜਭਲਾ ਨਾਹੀਂ ਕੁਝ ਲੱਗਦਾਈ ॥

॥ ਕਲਾਮ ਸਹਿਤੀ ॥

ਅੱਜਬੂਰੀਕੇਸੇਤੇਰੇਨਾਲਕੀਤੀਚੋਰਯਾਰਵੜੇ ਗੁਨਹਗਾਰੀਆਂ ਨੂੰ ॥ ਭਾਬੀ ਅੱਜ ਤੇਰੀ ਗੱਲ ਓਹ ਬਣੀ ਦੁਧ ਹੱਥ ਲਗੇ ਦੁਧਾਧਾਰੀਆਂ ਨੂੰ॥ ਤੇਰਿਆਂ ਨੈਨਾਂ ਦੀਆਂ ਨੋਕਾਂ ਦੇ ਖਤਬਣੇ ਵਾਢਾਂ ਮਿਲਦੀਆਂ ਤੇਜ਼ ਕਟਾਰੀਆਂ ਨੂੰ॥ਹੁਕਮ ਹੋਰ ਦਾ ਹੋਰ ਅੱਜ ਹੋਇਗਿਆ ਅੱਜ ਮਿਲੀ ਪੰਜਾਬ ਕੰਧਾਰੀਆਂ ਨੂੰ ॥ ਤੇਰੇ ਜੋਬਨੇ ਦਾਰੰਗਕਿਸੇ ਲੀਤਾ ਹਨੂਮਾਨ ਜਨੋਂ ਲੰਕ ਅਟਾਰੀਆਂ ਨੂੰ ॥ ਹੱਥ ਲਗਗਈਏਂ ਕਿਸੇ ਯਾਰ ਤਾਈਂ ਕਸਤੂਰੀਦੇਭਾਇ ਬਪਾਰੀਆਂਨੂੰ॥ਤਣੀਆਂ ਅੰਗੀ ਦੀਆਂ ਤੇਰੀਆਂ ਢਿਲੀਆਂ ਨੀ ਕਸੇ ਤੋਲਿਆ ਲੌਂਗ ਸੁਪਾਰੀਆਂ ਨੂੰ ॥ ਜੇਹੜੇ ਨਿਤ ਸੁਆਹ ਵਿਚ ਲੇਟਦੇ ਨੀ ਅਜ ਮੱਲ ਬੈਠੇ ਸਰਦਾਰੀਆਂ ਨੂੰ ॥ ਅੱਜ ਸ਼ਿਕਵਿਆਂ ਕੁਆਰੀਏ ਕਰਮ ਖੁਲ੍ਹੇ ਜੇਹੜੀ ਢੂੰਡਦੀ ਸੈਂ ਨਿਤ ਯਾਰੀਆਂਨੂੰ॥ ਚੂੜੇ ਕੀੜੇ ਤੇ ਚੋੜ ਸਿੰਗਾਰ ਹੋਏ ਗਾਹਕ ਲਗ ਗਏ ਮੁਨਿਆਰੀਆਂਨੂੰ ॥ ਵਾਰਸਸ਼ਾਹ ਜਿਨ੍ਹਾਂ ਮਿਲਣ ਅਤਰ ਸ਼ੀਸ਼ੇ ਉਨ੍ਹਾਂ ਕਰਨਾ ਕੀ ਹੈ ਫੌਜਦਾਰੀਆਂ ਨੂੰ ॥

॥ ਕਲਾਮ ਹੀਰ ॥

ਕੇਹੀ ਛਿੜ ਘਤੀ ਅਜ ਤੁਸੀ ਭੈਣਾਂ ਕਿਉਂ ਖ਼ੁਆਰ ਕੀਤਾ ਨਿੱਘਰ ਜਾਂਦੜੀ ਨੂੰ॥ ਅਨੀ ਭੈੜੀਓ ਮੈਂ ਕਦੋਂ ਕਿਤੇ ਗਈਆਂ ਕਿਉਂ ਉਡਾਇਆ ਜੇ ਮੈਂ ਮੁਣਸ ਖਾਂਦੜੀ ਨੂੰ ॥ ਛਜ ਛਾਨਣੀ ਘਤ ਉਡਾਇਆ ਜੇ ਮਾਪੇ ਪਿਟ ਕੀਤੇ ਲੁਡ੍ਹ ਜਾਂਦੜੀ ਨੂੰ॥ ਵਾਰੇਸ਼ਾਹ

ਦੇ ਢਿੱਡਵਿੱਚ ਸੂਲ ਹੋਯਾ ਦਨਗਈਸਾਂਮੈਂਇਕਮਾਂਦਰੀਨੂੰ॥

॥ ਸਹਿਤੀ ਦੇ ਤਾਨੇ ਮੇਹਣੇ ॥

ਕਿਸੇਹੋਇ ਬੇਦਰਦ ਕਸੀਸ ਦਿੱਤੀ ਅੱਡੀਆਂ ਵੱਖੀਆਂ ਵਿੱਚ ਖੁਭਾਈਆਂਨੀ॥ਵੇਹਲੇ ਹੋਇਕੇਕਿਸੇ ਮੈਦਾਨ ਦਿੱਤਾ ਲਦੀਆਂ ਅੱਜ ਮਹਬੂਬ ਸਫ਼ਾਈਆਂ ਨੀ ॥ ਸਜਾਹ ਕਾਲਿਆਂ ਹੋਠਾਂ ਤੇ ਲਹੂਲਗਾ ਕਿਸੇਨਲੀਨੂੰ ਠੋਹਕਰਾਂ ਲਾਈਆਂਨੀ॥ਵਾਰਸਸ਼ਾਹ ਬੂਟਾ ਝੜਵਾ ਆਈਏਂ ਹੁਣ ਕਾਸਨੂੰ ਰਿਕਤਾਂ ਚਾਈਆਂ ਨੀ ॥

॥ ਕਲਾਮ ਹੀਰ ॥

ਲੂਝਗਈ ਜੇਮੈਂ ਧਰਤ ਪਾਟ ਚਲੀ ਕੁੜੀਆਂਪਿੰਡਦੀਆਂਸਭ ਦਵਾਨੀਆਂ ਨੀ ॥ ਚੋਰੇ ਲਾਉਂਦੀਆਂ ਧੀਆਂ ਬੇਗਾਨੀਆਂ ਨੂੰ ਬੇਦਰਦ ਤੇ ਅੰਤ ਬੇਗਾਨੀਆਂ ਨੀ ॥ ਮੈਂ ਬੇਦੋਸੜੀ ਅਤੇ ਬੇਗਰਜ਼ ਤਾਂਈਂ ਰੰਗ ਰੰਗ ਦੀਆਂ ਲਾਂਦੀਆਂ ਕਾਨੀਆਂਨੀ ॥ ਮਸਤ ਫਿਰਨ ਉਨਮਾਦੀਦੇਨਾਲਭਰੀਆਂ ਟੇਢੀਚਾਲਚਲਨ ਮਸਤਾਨੀਆਂ ਨੀ ॥ ਐਡਾ ਕੁਫ਼ਰ ਅਪਰਾਧ ਪਸਾਰਿਆ ਨੇ ਵਾਰਸਸ਼ਾਹ ਏਹ ਮਸਤ ਦੀਵਾਨੀਆਂ ਨੀ ॥

॥ ਤਾਨੇ ਸਹਿਤੀ ॥

ਭਾਬੀਜਾਣਨੇਹਾਂਅਸੀਸਭਚਾਲੇਜੇੜੇਮੂੰਗਤੇਚਣੇਖਿੜਾਵਨੀ ਹੈਂ ॥ ਆਪ ਖੇਡਦੀ ਹੈਂ ਤੂੰ ਖੁੜਾਫ਼ ਚਾਲੇ ਸਾਨੂੰ ਮਸਤੀਆਂਦਾ ਬਣਾਵਨੀ ਹੈਂ ॥ ਆਪ ਰਹੇਂ ਬੇਦੋਸ ਬੇ ਗ਼ਰਜ਼ ਬੈਠੀ ਮਾਲ ਖੇੜਿਆਂ ਮੁਫ਼ਤ ਲੁਟਾਵਨੀ ਹੈਂ॥ਚੀਰੋਚੀਰ ਖੇਧੋਲੀਆਂ ਆਪ

ਘੋੜੇਂ ਫਿੱਡੀ ਟੱਪੂਆਂ ਨਾਲ ਰਲਾਵਨੀ ਹੈਂ ॥ ਵਾਰਸਸ਼ਾਹ ਨੂੰ ਕੁਫ਼ਰ ਅਪਰਾਧ ਆਖੇਂ ਤਾਰੇ ਅਰਸ਼ਥੀਂ ਆਪ ਭੁੜਾਵਨੀਹੈਂ॥

॥ ਕਲਾਮ ਹੀਰ ॥

ਅੜੀਓ ਕਸਮ ਮੈਨੂੰ ਜੇ ਯਕੀਨ ਕਰੋ ਮੈਂ ਨਿਰੋਲ ਬੇਗਰਜ਼ ਬੇਦੋਸੀਆਂ ਨੀ॥ਜੇੜ੍ਹੀ ਆਪ ਵਿਚ ਰਮਜ਼ ਚਲਾਵਨੀਹਾਂ ਨਹੀਂ ਜਾਣਦੀ ਮੈਂ ਚਾਪਲੋਸੀਆਂ ਨੀ॥ ਮੈਂ ਤਾਂ ਪੇਕਿਆਂ ਨੂੰ ਨਿੱਤ ਯਾਦ ਕਰਦੀ ਮੈਂ ਤਾਂ ਪਾਂਵਦੀ ਸਾਂ ਨਿਤ ਔਸੀਆਂ ਨੀ॥ਵਾਰਸਸ਼ਾਹ ਕਿਉਂ ਤਿਨ੍ਹਾਂ ਅਰਾਮ ਆਵੇ ਜੇਹੜੀਆਂ ਇਸ਼ਕਦੇ ਤਾਓ ਵਿਚ ਲੂਸੀਆਂ ਨੀ॥

॥ ਤਾਨੇ ਸਹਿਤੀ ॥

ਭਾਬੀ ਦੱਸਖਾਂ ਅਸੀ ਜੇ ਝੂਠ ਬੋਲੇਂ ਕੱਲ ਏਹੋ ਜੇਹੀ ਤੇਰੀ ਡੌਲ ਸੀ ਨੀ॥ ਮੀਂਹ ਸੁੱਕੀ ਜ਼ਮੀਨ ਤੇ ਵੱਸਿਆਈ ਜਿਥੇ ਲੱਗੀ ਚਰੋਕਨੀ ਔੜ ਸੀ ਨੀ॥ ਅੱਜ ਤਖਤ ਹਜ਼ਾਰਿਓਂ ਸਾਹਨ ਛੁੱਟਾ ਖੇੜੀਂ ਆਣ ਪਾਇਆ ਜਿਨ ਖੌਲ ਸੀਨੀ॥ ਵਾਰਸਸ਼ਾਹ ਸੀ ਸੈਦੇ ਦਾ ਬਾਗ਼ ਖਿੜਿਆ ਕਰ ਸੁਟਿਆ ਸੀ ਸਾਰਾ ਰੌੜ ਸੀ ਨੀ॥ ਬਾਗੋਂ ਘਰਕਦੀ ਘਰਕਦੀ ਆਇ ਪਈ ਏਂ ਦੱਸ ਕੇਹੜਿਆਂ ਦਾ ਤੈਨੂੰ ਹੌਲ ਸੀ ਨੀ॥ ਬੂਟਾ ਸੱਖਣਾ ਅੱਜ ਕਰਵਾਇ ਆਈ ਏਂ ਕਿਸੇ ਤੋੜ ਲੀਤਾ ਤੈਨੂੰ ਮੌਲ ਸੀ ਨੀ॥ ਤੇਰੀ ਘੋੜੀ ਨੂੰ ਅੱਜ ਅਰਾਮ ਆਇਆ ਜੇਹੜੀ ਨਿੱਤ ਕਰਦੀ ਪਈ ਔਲ ਸੀ ਨੀ॥ ਵਾਰਸਸ਼ਾਹ ਓਹ ਕੰਮ ਹੁਣ ਆਨ ਬਣਿਆ ਤੇਰਾ ਕਿਸੇ ਨੱਥੇ

ਨਾਲ ਕੌਲ ਸੀ ਨੀ ॥

॥ ਕਲਾਮ ਹੀਰ ॥

ਰਾਹਜਾਂਦੜੇ ਝੋਟੇ ਤੇਵਾਹਲਈਆਂਸਾਨੂੰ ਗੁਥਲਕੇ ਗੁਥਲਕੇ ਮਾਰੀਆਂਨੀ॥ਹਥੋਂ ਕਥੋਂ ਗਵਾਇਕੇਭੰਨ ਚੂੜਾ ਪਾੜ ਸੁੱਟੀਆਂ ਚੁੰਨੀਆ ਸਾਰੀਆਂ ਨੀ ॥ ਡਾਢੇ ਮਾੜਿਆਂ ਨੂੰ ਢਾਹ ਮਾਰਕਰਦੇ ਜ਼ੋਰਾਵਰਾਂ ਅੱਗੇ ਅੰਤ ਹਾਰੀਆਂ ਨੀ ॥ ਨੱਸਢੱਲੀ ਸਾਂ ਉਸਨੂੰ ਦੇਖਕੇਮੈਂ ਜਿਵੇਂ ਵਰਾਂ ਤੋਂ ਜਾਨਕੁਆਰੀਆਂਨੀ॥ਸੀਨਾ ਫੇਰਕੇ ਭੈਨਿਓਂ ਪਾਸਿਆਂਨੂੰਢਾਇਲੱਕਥੋਂ ਸਿੰਙਾਂ ਤੇ ਚਾੜ੍ਹੀਆਂ ਨੀ ॥ ਹੜ੍ਹੇਢਾਹਕੇ ਖਾਹ ਥਦੈਂਕਮੇਵੇਸ਼ੀਂ ਹਵਾਹਲੈਂ ਦੇ ਜਿਵੇਂ ਪਾੜ੍ਹੀਆ ਨੀ॥ ਮੇਰੇ ਕਰਮਾਂ ਨੂੰ ਆਨ ਮਲੰਗ ਪਹੁੰਚਾ ਜਿਸ ਜੀਉ ਦੀ ਪਿੰਛ ਵਿਚ ਵਾੜੀਆਂ ਨੀ ॥ ਵਾਰਸਸ਼ਾਹ ਨਵੀਂ ਗੱਲ ਸੁਣੀ ਭੈਣੋਂ ਸਾਈਂ ਮੇਹਰ ਕਰ ਅਜ ਮੈਂ ਤਾਰੀਆਂ ਨੀ ॥

॥ ਸਹਿਤੀ ਦੇ ਤਾਨੇ ॥

ਭਾਬੀ ਸਾਹਨ ਤੇਰੇ ਪਿੱਛੇ ਧੁਰੋਂ ਆਇਆ ਹਿਲਿਆ ਹੋਇਆ ਕਦੀਮ ਦਾ ਮਾਰਦਾਈ ॥ਤੂੰਭੀ ਵਹੁਟੜੀਪੁਤ੍ਰ ਸਰਦਾਰਦੇਦੀ ਉਸ ਦੁਧ ਪੀਤਾ ਸਰਕਾਰਦਾਈ ॥ ਸਾਹਨ ਲੇਟਕੇ ਬਾਗ਼ ਵਿਚ ਫਿਰੇ ਕਮਲਾ ਹੀਰ ਹੀਰ ਹੀ ਨਿਤ ਪੁਕਾਰਦਾਈ ॥ ਤੇਰੇ ਨਾਲ ਓਹ ਲਾਡ ਪਿਆਰ ਕਰਦਾਹੋਰਕਿਸੇ ਨੂੰ ਮੂਲਨਾ ਮਾਰਦਾਈ ॥ ਤੇਰੇ ਦਿੱਤਿਆਂ ਹੀ ਦਾਂਣਾ ਘਾਹੁ ਖਾਂਦਾ ਨਹੀਂ ਭੁਖੜਾ ਖੂਨ ਗੁਜ਼ਾਰਦਾਈ॥ਪਰ ਢਿੱਲਤਝੂਰੀਸਿਖਾਈਆਈ

ਪਾਣੀ ਪੀਂਵਦਾ ਤੇਰੀ ਨਸਾਰਦਾਈ॥ ਤੂੰਭੀ ਝੰਗਸਿਆਲਾਂਦੀ ਮੋਹਣੀ ਹੈਂ ਤੈਨੂੰ ਆਇ ਮਿਲਿਆ ਹਰਨ ਬਾਰਦਾਈ॥ ਵਾਰੇਸ਼ਾਹ ਮੀਆਂ ਸੱਚ ਝੂਠ ਵਿਚੋਂ ਪੁਣ ਕੱਢਿਆ ਅਤੇ ਨਿਤਾਰਦਾਈ ॥

॥ ਕਲਾਮ ਹੀਰ ॥

ਅਨੀ ਭੈੜੀਓ ਕਿਤੇ ਮੈਂ ਨਾਹਿ ਉਠੀ ਬੁਰਾ ਵਿਛੜ ਵਿਚ ਬ੍ਰਿਹੋਂ ਦਾ ਸੂਲ ਹੋਇਆ ॥ ਲਹਿਰ ਉਠਕੇ ਪੇਡੂ ਓਂ ਪਈ ਸੀਨੇ ਮੇਰੇ ਜੀਉ ਨੂੰ ਬੁਰਾ ਨਜੂਲ ਹੋਇਆ ॥ ਤਲਬ ਦੱਬੀ ਹੈ ਸਭ ਸਰਕਾਰ ਮੇਰੀ ਮੈਨੂੰ ਇਕ ਨਾ ਦੰਮ ਵਸੂਲ ਹੋਇਆ ॥ ਲੋਕ ਨਫ਼ੇ ਦੇ ਵਾਸਤੇ ਕਰਨ ਤਰਲੇ ਮੇਰਾ ਸਣੇ ਵਹੀ ਚੋਰ ਮੂਲ ਹੋਇਆ॥ ਖੇੜਿਆਂ ਵਿਚ ਨਾ ਪਰਚਦਾ ਜੀਉ ਮੇਰਾ ਸ਼ਾਹਦ ਹਾਲ ਦਾ ਰਬ ਰਸੂਲ ਹੋਇਆ ॥ ਅੰਬ ਬੀਜਕੇ ਦੁਧਦੇ ਨਾਲ ਪਾਲੇ ਭਾਤੱਤੀ ਦੇ ਅੰਤ ਬੰਬੂਲ ਹੋਇਆ॥ ਬੂਟਾ ਲਾਇਆ ਸੀ ਛਾਵੇਂ ਬੈਠਣੇ ਨੂੰ ਪਾਣੀ ਪਿਆ ਨਾ ਮੂਲ ਦਾ ਮੂਲ ਹੋਇਆ ॥ ਮੇਰੀਆਂ ਮਿੱਨਤਾਂ ਸਭ ਬਰਬਾਦ ਹੋਈਆਂ ਵਾਰਸਸ਼ਾਹ ਮੀਆਂ ਹਿਰਸ ਫ਼ੂਲ ਹੋਇਆ ॥

॥ ਤਾਨੇ ਸਹਿਤੀ ਦੇ ॥

ਭਾਬੀ ਜ਼ੁਲਫ਼ ਗੱਲ੍ਹਾਂ ਉਤੇ ਪੇਚ ਖਾਧੇ ਅੱਖੀਂ ਲੋੜ੍ਹਦੀਆਂ ਸੁਰਮੇ ਦੀਆਂ ਧਾਰੀਆਂ ਨੀ॥ ਗੱਲਾਂ ਉਤੇ ਭੰਬੀਰੀਆਂ ਭੌਂਦੀਆਂ ਨੀ ਨੈਣ ਸਾਣ ਕਟਾਰੀਆਂ ਚਾੜ੍ਹੀਆਂ ਨੀ॥ ਤੇਰੇ ਨੈਣਾਂ ਨੇ ਸ਼ਾਹ ਫ਼ਕੀਰ ਕੀਤੇ ਸਣੇ ਹਾਥੀਆਂ ਫ਼ੌਜ ਅੰਬਾਰੀਆਂ ਨੀ ॥ ਵਾਰਸਸ਼ਾਹ

ਜ਼ੁਲਫ਼ਾਂ ਖ਼ਾਲ ਨੈਣ ਖ਼ੂਨੀ ਫ਼ੌਜਾਂ ਕਤਲ ਉਤੇ ਜਿਵੇਂ ਗਾੜ੍ਹੀਆਂ ਨੀ॥

॥ ਕਲਾਮ ਸ਼ਾਇਰ ॥

ਬਾਰ੍ਹਾਂ ਬਰਸ ਦੀ ਔੜ ਤੇ ਮੀਂਹ ਵੁਠਾ ਲੱਗਾ ਰੰਗ ਫਿਰ ਖ਼ੂਬ ਬਗੀਚਿਆਂ ਨੂੰ॥ ਫ਼ੌਜਦਾਰ ਤਗੱਯਰ ਬਹਾਲ ਹੋਇਆ ਝਾੜ ਤੰਬੂਆਂ ਅਤੇ ਗ਼ਲੀਚਿਆਂ ਨੂੰ॥ ਵੱਲੀਂ ਸੁੱਕੀਆਂ ਫੇਰ ਮੁੜ ਸਬਜ਼ ਹੋਈਆਂ ਵੇਖ ਹੁਸਨ ਦੀ ਜ਼ਿਮੀਂ ਜਿਉਂ ਪੀਚਿਆਂ ਨੂੰ॥ ਵਾਰਸ ਵਾਂਗ ਕਿਸ਼ਤੀ ਪਰੇਸ਼ਾਨ ਸਾਂ ਮੈਂ ਪਾਣੀ ਪਹੁੰਚਦਾਈ ਨੂਹ ਦਿਆਂ ਵੀਚਿਆਂ ਨੂੰ॥

॥ ਕਲਾਮ ਸਹਿਤੀ ॥

ਸਹਿਤੀ ਭਾਬੀ ਦੇ ਨਾਲ ਪਕਾਇਮ ਸਲਤ ਵਡਾ ਮਕਰ ਫੈਲਾਇਕੇ ਬੋਲਦੀ ਹੈ॥ ਗਿਰਦ ਆਉਂਦੀ ਮਕਰ ਮੁਤਾਲਿਆਂ ਨੂੰ ਅਤੇ ਦਫ਼ਤਰ ਫ਼ਰੇਬ ਦੇ ਖੋਲ੍ਹਦੀ ਹੈ॥ ਇਬਲੀਸ ਮਲਊਣ ਖ਼ਨਾਸ ਵਿਚੋਂ ਰਿਵਾਇਤਾਂ ਜਾਇਜ਼ਾਂ ਬੋਲਦੀ ਹੈ॥ ਨਸ ਅਤੇ ਹਦੀਸ ਮਨਸੂਖ ਕਰਕੇ ਕਿਤਾਬ ਲਾਨਤਉੱਲਾ ਵਾਲੀ ਫੋਲਦੀ ਹੈ॥ ਤੇਰੇ ਯਾਰ ਦਾ ਫਿਕਰ ਦਿਨ ਰਾਤ ਮੈਨੂੰ ਜਾਨ ਮਾਪਿਆਂ ਦੇ ਵਲੋਂ ਡੋਲਦੀ ਹੈ॥ ਵਾਰਸਸ਼ਾਹ ਸਹਿਤੀ ਅੱਗੇ ਮਾਉਂ ਬੁੱਢੀ ਵਡੇ ਗਜ਼ਬ ਦੇ ਕੀਰਨੇ ਫੋਲਦੀ ਹੈ॥

ਅਸਾਂ ਵਿਆਹ ਆਂਦੀ ਕੂੰਜ ਫਾਹ ਆਂਦੀ ਸਾਡੇ ਭਾ ਦੀ ਬਣੀ ਹੈ ਔਖੜੀ ਨੀ॥ ਵੇਖੋ ਹਕ ਹਲਾਲ ਨੂੰ ਅੱਗ ਲੱਗੀ ਰਚੇ ਖਸਮ ਦੇ ਨਾਲ ਏਹ ਕੈਖੜੀ ਨੀ॥ ਜਦੋਂ ਆਈ ਤਦੋਂ ਕਣੀ

ਰਹੇ ਵੱਠੀ ਕਦੇ ਹੋ ਨਾ ਬੈਠੀਹੇ ਰੌਖਣੀ ਨੀ ॥ ਲਾਹੂ ਲੱਥਣੀ ਜਦੋਂ ਦੀ ਵਿਆਹ ਆਂਦੀ ਅੱਜ ਕੱਲ੍ਹ ਦੀ ਹੋਈ ਹੈ ਰੌਖਣੀ ਨੀ ॥ ਘਰਾਂ ਵਿਚ ਹੁੰਦੀ ਨੋਂਹਾਂ ਨਾਲਵਸਦੀ ਏਹਉਜਾੜ ਦਾ ਮੂਲ ਹੈ ਫੇਕਰੀ ਨੀ ॥ ਵਾਰਸਸ਼ਾਹ ਏਹ ਅੰਨ ਨਾ ਦੁੱਧਪੀਂਦੀ ਭੁੱਖ ਨਾਲ ਸੁਕਾਂਵਦੀ ਕੋਖੜੀ ਨੀ ॥

॥ ਕਲਾਮ ਮਾਵਰ ਸਹਿਤੀ ॥

ਹਾਥੀ ਫ਼ੌਜ ਦਾ ਵਡਾ ਸਿੰਗਾਰ ਹੁੰਦਾ ਅਤੇ ਘੋੜੇ ਸਿੰਗਾਰਹੈਨ ਨਰਾਂ ਦੇ ਨੀ ॥ ਘੋੜੇ ਖਾਨ ਖੱਵਨ ਕਰਾਮਾਤ ਕਰਦੇ ਅੱਖੀਂ ਦੇਖਦਿਆਂ ਜਾਨ ਬਨ ਪਰਾਂ ਦੇ ਨੀ ॥ ਮੱਝੀਂ ਗਾਈ ਸਿੰਗਾਰ ਹਨ ਵਿੱਜ ਸੱਥੇ ਅਤੇ ਨੋਹਾਂ ਸਿੰਗਾਰਹਨ ਘਰਾਂਦੇਨੀ ॥ ਹੱਛਾ ਖਾਵਣਾ ਪਹਿਨਣਾ ਸ਼ਾਨਸ਼ੌਕਤ ਏਹ ਸਭ ਬਨਾਉ ਹਨ ਜ਼ਰਾਂ ਦੇਨੀ ॥ ਮਸ਼ਹੂਰਹੈ ਸਭ ਜਹਾਨ ਅੰਦਰ ਪਿਆਰ ਵਹੁਟੀਆਂ ਦੇ ਨਾਲ ਨਰਾਂ ਦੇ ਨੀ ॥ ਦਿਲ ਔਰਤਾਂ ਲੈਨ ਪਿਆਰ ਕਰਕੇ ਏਹ ਗੱਭਰੂ ਮਿਰਗ ਹਨ ਸਰਾਂ ਦੇਨੀ ॥ ਤਦੋਂ ਰੰਨ ਬਦਖੋਇ ਨੂੰ ਅਕਲ ਆਵੇ ਜਦੋਂ ਲੱਤ ਲੱਗੇ ਵਿੱਚ ਫਰਾਂਦੇਨੀ ॥ ਸੈਦਾ ਦੇਖਕੇ ਜਾਇ ਬਲਾਇਵਾਂਙੂ ਵੈਰਹੋਂਵਦੇਸਿਰਾਂਤੇਧੜਾਂਦੇਨੀ ॥ ਪੀਹੜਾ ਘੱਤਕੇ ਕਦੇ ਨਾ ਬਹੇ ਬੂਹੇ ਅਸੀ ਏਸਦੇ ਦੁੱਖ ਵਿੱਚ ਮਰਾਂਗੇ ਨੀ ॥ ਇਸਦਾ ਜੀਉ ਨਾ ਲੱਗਦਾ ਪਿੰਡ ਸਾਡੇ ਅਸੀ ਏਹ ਇਲਾਜ ਕੀ ਕਰਾਂਗੇ ਨੀ ॥ ਸੋਹਣੀ ਰੰਨ ਬਜ਼ਾਰ ਨਾ ਵੇਖਣੀ ਹੈ ਵਿਆਹ ਪੁੱਤਰ ਦਾ ਹੋਰਥੇ ਕਰਾਂਗੇ ਨੀ ॥ ਮੁੱਲਾਂ

ਵੈਦ ਹਕੀਮ ਲੈ ਜਾਨ ਪੈਸੇ ਕੇਹੀਆਂ ਚੱਟੀਆਂ ਗ਼ੈਬ ਦੀਆਂ ਭਰਾਂਗੀ ਨੀ ॥ ਕਦੇ ਚਰਖੜਾ ਡਾਹ ਨਾ ਛੋਪ ਘੱਤੇ ਅਸੀਂ ਮੇਲ ਭੰਡਾਰ ਕੀ ਕਰਾਂਗੇ ਨੀ॥ ਵਹੁਟੀ ਗੱਭਰੂ ਦੂਹਾਂ ਨੂੰ ਵਾੜ ਅੰਦਰ ਅਸੀਂ ਬਾਹਰੋਂ ਜੰਦਰਾ ਜੜਾਂਗੇ ਨੀ॥ ਸੈਦਾ ਢਾਹਕੇ ਏਸਥੋਂ ਲਏ ਬਦਲਾ ਅਸੀ ਚੀਕਣੋ ਮੂਲ ਨਾ ਡਰਾਂਗੇ ਨੀ॥ ਸ਼ਰਮਿੰਦਗੀ ਸਹਾਂਗੇ ਜੱਗਦੀ ਨੂੰ ਜ਼ਰਾ ਮੂੰਹ ਚਾ ਪਰਹਾਂ ਨੂੰ ਕਰਾਂਗੇ ਨੀ ॥ ਵਾਰਸਸ਼ਾਹ ਸ਼ਰਮਿੰਦਗੀ ਏਸਦੀ ਥੋਂ ਅਸੀਂ ਡੁਬਕੇ ਖੂਹ ਵਿਚ ਮਰਾਂਗੇ ਨੀ ॥

॥ ਫ਼ਰੇਬ ਸਹਿਤੀ ਮਸ਼ਵਰੇ ਨਾਲ ਹੀਰ ਦੇ ॥

ਅਜ਼ਰਾਈਲ ਦੇ ਪਾਸ ਜਿਉਂ ਗਿਆ ਨਾਰਦ ਤਿਵੇਂ ਹੀਰ ਭੀ ਸੱਸ ਥੇ ਆਂਵਦੀ ਹੈ ॥ ਸਹਿਤੀ ਨਾਲ ਮੈਂ ਜਾਇਕੇ ਖੇਤ ਵੇਖਾਂ ਪਈ ਅੰਦਰੇ ਉਮਰ ਵਿਹਾਂਵਦੀ ਹੈ॥ ਏਨ ਫੂਕੀਆਂ ਫੂਤੀਆਂ ਪੀਰ ਵਾਂਗੂ ਕਿੱਸਾ ਗ਼ੈਬਦਾ ਜੋੜ ਸੁਨਾਂਵਦੀ ਹੈ ॥ ਵਾਂਗ ਬੜੇ ਇਮਾਮ ਨੂੰ ਜ਼ਹਿਰ ਦੇਣੀ ਕਿਸੇ ਕਾਫ਼ਰ ਦਾ ਨਾਹ ਮੁਕਾਂਵਦੀ ਹੈ ॥ ਪਿਛੋਂ ਛਣਕਦੀ ਨਾਲ ਬਹਾਨਿਆਂ ਦੇ ਨੱਵੀ ਨਨਦਭੀ ਫੇਰੜਾ ਪਾਂਵਦੀ ਹੈ ॥ ਵਾਂਗ ਠੱਗਾਂ ਦੇ ਕੂਕੜਾਂ ਰਾਤ ਅੱਧੀ ਅਜ਼ਗ਼ੈਬਦੀ ਬਾਤ ਸੁਣਾਂਵਦੀ ਹੈ ॥ ਚੱਲ ਭਾਬੀਏ ਵਾਉ ਜਹਾਨਦੀ ਲੈ ਬਾਹੋਂ ਹੀਰਨੂੰ ਪਕੜ ਉਠਾਂਵਦੀ ਹੈ॥ ਏਹ ਨੂੰ ਖੇਤ ਲੈ ਜਾਹ ਕੁਪਾਹ ਚੁਣੀਏ ਮੇਰੇ ਜੀਉ ਤਦਬੀਰ ਏਹ ਆਂਵਦੀ ਹੈ ॥ ਦੋ ਮਾਉਂ ਨੂੰ ਧੀਅ ਵਿਲਾਂਵਦੀ ਹੈ ਕੇਹੀਆਂ

ਫੇਕੀਆਂ ਰੁਮੀਆਂ ਲਾਂਵਦੀ ਹੈ॥ ਤਲੀ ਹੇਠ ਅੰਗਾਰ ਟਿਕਾਂਵਦੀ ਹੈ ਉੱਤੋਂ ਬਹੁਤ ਪਿਆਰ ਕਰਾਂਵਦੀ ਹੈ॥ ਸ਼ੇਖਜ਼ਾਦੀ ਦੇ ਫ਼ਲਕ ਨੂੰ ਖ਼ਬਰ ਨਾਹੀਂ ਜਿਊ ਰੋਇਕੇ ਨੈਨ ਬਣਾਂਵਦੀ ਹੈ॥ ਦੇਖੋ ਧੀ ਅੱਗੇ ਮਾਉਂ ਝੂਰਨ ਲੱਗੀ ਹਾਲ ਨੇਂਹਦਾ ਆਖ ਸੁਣਾਂਵਦੀ ਹੈ॥ ਇਸਦੀ ਪਈ ਦੀ ਉਮਰ ਵਿਹਾਂਵਦੀ ਹੈ ਜ਼ਾਰ ਜ਼ਾਰ ਰੋਂਦੀ ਪਲੂ ਪਾਂਵਦੀ ਹੈ ॥ ਏਸ ਮਨ੍ਹੇ ਕੀਤਾ ਬਾਹਰ ਜਾਵਣੇ ਨੂੰ ਕਦਮ ਮੰਜੀਓਂ ਹੇਠ ਨਾ ਪਾਂਵਦੀ ਹੈ ॥ ਦੁਖ ਜੀਉ ਦਾ ਖੋਲ੍ਹ ਸੁਣਾਂਵਦੀ ਹੈ ਵਾਰਸਸ਼ਾਹ ਨਹੀਂ ਕਿਸੇ ਬੁਲਾਂਵਦੀ ਹੈ ॥

॥ ਕਲਾਮ ਸਹਿਤੀ ॥

ਨੇਂਹ ਲਾਲ ਜੇਹੀ ਅੰਦਰ ਘੱਤੀ ਆਈ ਉਪਰ ਕੱਪੜਾ ਪਲੰਘ ਵਿਛਾਵਨੀ ਹੈਂ ॥ ਤੇਰੀ ਨੇਂਹ ਪਤੀਲੜੀ ਪਦਮਨੀ ਸੀ ਵਾਉ ਲੈਣ ਖੁਣੋ ਤੂੰ ਗਵਾਂਵਨੀ ਹੈਂ ॥ ਏਹੁ ਫੁਲ ਗੁਲਾਬ ਦਾ ਘੱਤ ਅੰਦਰ ਪਈ ਦੁਖ ਦੇ ਨਾਲ ਮੁਕਾਵਨੀ ਹੈਂ ॥ ਅੱਠੇ ਪਹਿਰ ਕੀ ਝਾੜਕੇ ਵਿਛਕੇ ਠੇ ਪਤਰ ਪਾਨਾਂ ਦੇ ਪਈ ਗਵਾਵਨੀ ਹੈਂ॥ ਵਾਰਸ ਧੀ ਸਿਆਲਾਂ ਦੀ ਮਾਰਨੀ ਹੈਂ ਦਸ ਆਪ ਨੂੰ ਕੌਣ ਸਦਾਂਵਨੀ ਹੈਂ॥ ਨੇਹਾਂ ਬਣਦੀਆਂ ਖਿਆਲ ਕੇ ਪੇਖਨੇ ਦਾ ਮਾਣ ਮੱਤੀਏ ਬੂਹੇ ਦੀਆਂ ਮਹਿਰੀਆਂ ਨੀ॥ ਸੂਰਤ ਪਰੀ ਦੀ ਸੁਘੜ ਸਵਾਨੀਆਂ ਨੀ ਇਕ ਮੋਮ ਦਿਲ ਹੈਂ ਇਕ ਨਹਿਰੀਆਂ ਨੀ॥ ਇਕ ਕਰਮਾਂ ਦੇ ਬਾਗ਼ਦੀਆਂ ਮੋਰਨੀਆਂ ਨੀ ਇਕ ਨਰਮ ਮਲੂਕ ਇਕ ਜ਼ਹਿਰੀਆਂ ਨੀ ॥ ਹਛਾ ਖਾਇ ਪੈਨ੍ਹਣ ਲਾਡ ਨਾਲ ਚੱਲਣ

ਦੇਣ ਲੈਣ ਦੇ ਵਿਚ ਲੜਹਿਰੀਆਂ ਨੀ ॥ ਬਾਹਰ ਫਿਰਨ ਜਿਉਂ ਬਾਗ਼ ਦੀਆਂ ਰਾਣੀਆਂ ਨੀ ਸਤਰ ਵਿਚ ਬਹਾਈਆਂ ਸ਼ਹਿਰੀਆਂ ਨੀ ॥ ਵਾਰਸਸ਼ਾਹ ਹੈ ਹੁਸਨ ਗੁਲਾਮ ਸੁੰਦਰ ਅੱਖੀਂ ਨਾਲ ਗੁਮਾਨ ਦੇ ਗਹਿਰੀਆਂ ਨੀ ॥ ਲੜੀਓ ਮੰਜੀਓਂ ਉਠ ਕੇ ਕਿਵੇਂ ਟਹਿਕੇ ਹੱਥ ਪੈਰ ਹਲਾਇਕੇ ਚੁਸਤ ਹੋਵੇ ॥ ਵਾਂਗ ਰੋਗੀਆਂ ਰਾਤ ਦਿਨ ਰਹੇ ਢੱਠੀ ਕਿਵੇਂ ਹੀਰ ਭੀ ਤਨੋਂ ਦਰੁਸਤ ਹੋਵੇ ॥ ਵਡਾ ਇਹ ਅਜ਼ਾਬ ਹੈ ਮਾਪਿਆਂ ਨੂੰ ਧੀ ਨੋਂਹ ਬੂਹੇ ਉੱਤੇ ਸੁਸਤ ਹੋਵੇ ॥ ਵਾਰਸਸ਼ਾਹ ਮੀਆਂ ਕਿਉਂ ਨਾ ਹੀਰ ਬੋਲੇ ਸਹਿਤੀ ਜਿਹੀ ਨਿਣਾਨ ਦੀ ਪੁਸ਼ਤ ਹੋਵੇ ॥

॥ ਕਲਾਮ ਹੀਰ ॥

ਹੀਰ ਆਖਿਆ ਬੈਠਕੇ ਉਮਰ ਸਾਰੀ ਮੈਂ ਤਾਂ ਆਪਣੇ ਆਪ ਨੂੰ ਸਾੜਨੀ ਹਾਂ ॥ ਮਤਾਂ ਬਾਗ਼ ਗਿਆਂ ਮੇਰਾ ਜੀਉ ਖੁਲ੍ਹੇ ਆਖਰ ਏਹ ਹੀ ਪਾੜਨਾ ਪਾੜਨੀ ਹਾਂ ॥ ਪਈ ਰੋਵਨੀ ਹਾਂ ਕਰਮਾਂ ਆਪਣਿਆਂ ਨੂੰ ਕੁਝ ਕਿਸੇ ਦਾ ਨਹੀਂ ਵਿਗਾੜਨੀ ਹਾਂ ॥ ਵਾਰੇਸ਼ਾਹ ਮੀਆਂ ਤਕਦੀਰ ਅੰਦਰ ਵੇਖ ਨਵਾਂ ਪਸਾਰ ਪਸਾਰਨੀ ਹਾਂ ॥

॥ ਕਲਾਮ ਮਾਦਰ ਸਹਿਤੀ ॥

ਮਾਉਂ ਆਖਦੀ ਸਹਿਤੀ ਏ ਸਮਝ ਬੀਬੀ ਤੈਨੂੰ ਦੇਨੀਆਂ ਨੇਕ ਸਲਾਹ ਕੁੜੇ ॥ ਘਰਾਂ ਵਿਚ ਹੁੰਦੀ ਨੋਹਾਂ ਨਾਲ ਵਸਤੀ ਅਸਾਂ ਆਂਦੀ ਸੀ ਏਹ ਵਿਆਹ ਕੁੜੇ ॥ ਧੀਆਂ ਨਾਲ ਨਾ ਕੱਟਣਾ ਕਦੀ ਹੁੰਦਾ ਨੋਂਹਾਂ ਨਾਲ ਹੀ ਚੱਲਣਾ ਰਾਹ ਕੁੜੇ ॥ ਨਾਲ ਹੱਕ ਹਲਾਲ

ਦੇ ਗੱਲ ਨਾਹੀਂ ਦੇਖਾਂ ਕਦੀ ਦੀ ਉਸਨੂੰ ਆਹ ਕੁੜੇ ॥ ਅੱਠੇ ਪਹਿਰ ਰਹੇ ਬੈਠੀ ਪਲੰਗ ਉਤੇ ਮੈਨੂੰ ਸਾੜਿਆ ਉਸਦੇ ਸਾਹ ਕੁੜੇ ॥ ਗੱਲ ਖੁਲ੍ਹਕੇ ਮੂੰਹੋਂ ਨਾ ਕਰੇ ਕੋਈ ਕੋਈ ਚੰਦਰਾ ਪਿਆ ਸੁਭਾਉ ਕੁੜੇ ॥ ਕੋਈ ਗੁਝੜਾ ਰੋਗ ਹੈ ਏਸ ਧਾਨਾ ਆਹੀਂ ਨਾਲ ਇਸ ਆਂਵਦਾ ਸਾਹ ਕੁੜੇ ॥ ਤੇਰੇ ਨਾਲ ਨਾ ਜਾਂਦੀ ਨੂੰ ਹਟਕਦੀ ਹਾਂ ਜੀਉ ਹੈਸੁ ਤਾਂ ਖੇਤ ਲੈ ਜਾਹ ਕੁੜੇ ॥

॥ ਸਲਾਹ ਕਰਦੀ ਹੈ ਸਹਿਤੀ ॥

ਅੜੀਓ ਆਓ ਖਾਂ ਬੈਠਕੇ ਗੱਲ ਗਿਣੀਏ ਸਦਘੱਲੀਆਂ ਸਭ ਸਹੇਲੀਆਂ ਨੀ ॥ ਕਈ ਕੁਆਰੀਆਂ ਕਈ ਵਿਆਹੀਆਂ ਨੀ ਚੰਦ ਜੇਹੇ ਸਰੀਰ ਮਥੇਲੀਆਂ ਨੀ ॥ ਰੁਜੂ ਆਣ ਹੋਈਆਂ ਸਭੇ ਪਾਸ ਸਹਿਤੀ ਜਿਵੇਂ ਗੁਰੂ ਦੇ ਪਾਸ ਸਭ ਚੇਲੀਆਂ ਨੀ ॥ ਜਿਨਾਂ ਮਾਂ ਤੇ ਬਾਪ ਨੂੰ ਭੂੰਨ ਖਾਧਾ ਮੂੰਗ ਚਣੇ ਕੁਆਰੀਆਂ ਖੇਲੀਆਂ ਨੀ ॥ ਵਿਚ ਹੀਰ ਸਹਿਤੀ ਦੋਵੇਂ ਬੈਠੀਆਂ ਨੀ ਦੁਆਲੇ ਬੈਠੀਆਂ ਆਨ ਸਹੇਲੀਆਂ ਨੀ ॥ ਵਾਰਸਸ਼ਾਹ ਸ਼ਿੰਗਾਰ ਮਹਾਵਤਾਂ ਨੇ ਗਾਇ ਹਸਤਨਾ ਕਿਲੇ ਤੇ ਪੇਲੀਆਂ ਨੀ ॥

॥ ਕਲਾਮ ਸਹਿਤੀ ॥

ਵਕਤ ਫ਼ਜਰ ਦੇ ਉਠ ਸਹੇਲੀਓ ਨੀ ਤੁਸਾਂ ਆਪਣੇ ਆਹਰੋਂ ਆਵਣਾ ਜੇ ॥ ਮਾਇ ਬਾਪ ਨੂੰ ਖਬਰ ਨਾ ਕਰੋ ਕਾਈ ਫ਼ਜਰੇ ਬਾਗ਼ ਨੂੰ ਪਾਲਣਾ ਲਾਵਣਾ ਜੇ ॥ ਵਹੁਟੀ ਹੀਰ ਨੂੰ ਬਾਗ਼ ਲੈ ਜਾਵਣਾ ਜੇ ਜ਼ਰਾ ਉਸਦਾ ਜੀਉ ਪਰਚਾਵਣਾ ਜੇ ॥ ਲਾਵ੍ਹਣੇ

ਫੇਰਨੀਵਿਚਕਪਾਹਤੈਣਾ ਕਿਸੇਪੁਰਖਨੂੰ ਨਹੀਂ ਸੁਣਾਵਣਾਜੇ॥ ਰਾਹ ਜਾਂਦੀਆਂ ਨੂੰ ਪੁਛੇ ਲੋਕ ਅੜੀਓ ਕੋਈ ਇਫ਼ਤਰਾ ਬਣਾਵਣਾ ਜੇ ॥ ਖੇਡੇ ਸੀਮੀਆਂ ਤੇ ਘੜੇ ਜੱਫੀਆਂ ਨੀ ਭਲਕੇ ਖੂਹ ਨੂੰ ਆਨ ਰੰਗ ਲਾਵਣਾ ਜੇ॥ ਵਡੇ ਰੰਗ ਹੋਸਨ ਇਕੇ ਜੋੜੀਆਂ ਦੇ ਰਾਹ ਜਾਂਦਿਆਂ ਦ ਸਾਂਗ ਲਾਵਣਾ ਜੇ॥ ਵਣੋਵਟ ਲੰਗੋਟੜੇ ਵਿਚ ਬੇਲੇ ਬੰਨਾ ਵਟ ਸਭ ਪੁਟ ਵਿਖਾਵਣਾ ਜੇ ॥ ਚਲੋ ਹੋਇ ਤਿਆਰ ਤੇ ਕਰੋ ਧਾਈ ਖੇਤ ਵਿਚ ਜਾਕੇ ਰੰਗ ਲਾਵਣਾ ਜੇ॥ਬੰਨ੍ਹ ਝੋਲੀਆਂ ਚੁਣੋ ਕਪਾਹ ਭੈਣੋ ਤੇ ਮੜਾਸਿਆਂ ਨੇ ਰੰਗ ਲਾਵਣਾ ਜੇ ॥ ਚਰਖੇ ਚਾਇ ਪਿੜੋਕੜੇ ਕੱਜ ਉੱਤੋ ਕਿਸੇ ਪੂਣੀ ਨੂੰ ਹਥ ਨਾ ਲਾਵਣਾ ਜੇ॥ ਸਭਨਾਂ ਉਠਕੇ ਮੰਜਿਓਂ ਆਇ ਜਾਣਾ ਇਕ ਦੂਜੀ ਨੂੰ ਸਦ ਲਿਆਵਣਾ ਜੇ ॥ ਵਾਰਸ ਸ਼ਾਹ ਮੀਆਂ ਏਹ ਇਕੱਠ ਹੋਯਾ ਸਭਨਾਂ ਅੱਜੂ ਦੇ ਵਲੇ ਨੂੰ ਆਵਣਾ ਜੇ ॥

॥ ਕਲਾਮ ਸ਼ਾਇਰ ॥

ਮਤੇ ਵਿਚ ਉਮਾਹ ਦੇ ਰਾਤ ਗੁਜ਼ਰੀ ਤਾਰੇ ਗਿਣਦਿਆਂ ਸਭ ਉਨਮਾਦੀਆਂ ਨੀ॥ ਗਿੱਧੇ ਪਾਉਂਦੀਆਂ ਘੁੰਮਰਾਂ ਪਾਂਦੀਆਂ ਨੀ ਜੇਹੜੀਆਂ ਹੋਨ ਮੁਸ਼ਟੰਡੀਆਂ ਵਾੱਦੀਆਂ ਨੀ॥ ਨਖ਼ਰੇਲੀਆਂ ਤੇ ਇੱਕ ਨਕਸ਼ ਤੋੜਨ ਇਕ ਭੋਲੀਆਂ ਸਿੱਧੀਆਂ ਸਾਦੀਆਂ ਨੀ॥ ਇੱਕ ਨੇਕ ਬਖ਼ਤਾਂ ਇਕ ਬੇਲੁਬਾਨਾਂ ਇਕ ਮਾਲਣਾਂ ਨੀ ਮਾਲਜ਼ਾਦੀਆਂ ਨੀ ॥ ਵਾਰਸਸ਼ਾਹ ਉਨਮਾਦ ਦੇ ਨਾਲ ਭਰੀਆਂ

ਮਾਰਣ ਲੁੱਡੀਆਂ ਕਰਨ ਖਰਾਬੀਆਂ ਨੀ ॥
ਫੀਵੀਂ ਫੇਰੀਆਂ ਨੇ ਵਿਚ ਖੇੜਿਆਂ ਦੇ ਘਰੋ ਘਰੀ ਵਿਚਾਰ ਵਿਚਾਰੀਓ ਨੇ॥ ਫਜਰੇ ਖੂਹ ਤੇ ਚੱਲਕੇ ਕਰਾਂ ਕੁਸ਼ਤੀ ਇਕ ਦੂਸਰੀ ਨੂੰ ਖਮ ਮਾਰਿਓ ਨੇ॥ ਚਲੋ ਚਲੋ ਹੀ ਕਰਨ ਛਿਨਾਰਬਾਜ਼ਾਂ ਸਭੋ ਕੰਮ ਤੇ ਕਾਜ ਵਿਸਾਰਿਓ ਨੇ॥ ਬਾਜ਼ੀ ਦਿੱਤੀਆ ਨੇ ਪਿਛੋਂ ਬੁਢਿਆਂ ਨੂੰ ਧੱਪਾ ਮਾਵਾਂ ਦੇ ਮੂੰਹ ਤੇ ਮਾਰਿਓ ਨੇ॥ ਸ਼ੈਤਾਨ ਦੀਆਂ ਲਸ਼ਕਰਾਂ ਛੈਲ ਸੂਢਾਂ ਬਿਨਾ ਆਤਸ਼ੋਂ ਫੈਨ ਪੰਘਾਰਿਓ ਨੇ॥ ਗਿਲ ਤੀਮਾਰ ਲੀਗੋਟੜੇ ਬੰਨ੍ਹ ਟੁਰੀਆਂ ਸਭੋ ਕਪੜੇ ਚੀਥੜੇ ਝਾੜਿਓ ਨੇ ॥ ਸਭੇ ਖੁੰਨਖੁੰਡਾਰ ਉਜਾੜ ਛੋਪਾਂ ਸਣੇ ਪੂਣੀਆਂ ਪੱਛੀਆਂ ਸਾੜਿਓ ਨੇ॥ ਜੰਗ ਵਿਚ ਅਸਵਾਰ ਤਿਆਰ ਹੋਏ ਕੁੜੀਆਂ ਲਹੁੜੀਆਂ ਘੋੜੀਆਂ ਚਾੜ੍ਹਿਓ ਨੇ ॥ ਰਾਤੀਂ ਲਾਇ ਮਹਿੰਦੀ ਦਿਨੇ ਘੱਤ ਸੁਰਮਾਂ ਚੀਦ ਚੂੰਡੀਆਂ ਕੰਮ ਸਵਾਰਿਓ ਨੇ ॥ ਤੇੜ ਲੁੰਗੀਆਂ ਠੋਹਕਰਾਂ ਦੇਨ ਪਿੱਛੋਂ ਸੁਥਨ ਚੂੜੀਆਂ ਪਾਉਂਚੇ ਚਾੜ੍ਹਿਓ ਨੇ ॥ ਕੱਜਲ ਪੂਛਲਾਂ ਵਾਲੜੇ ਵਿਆਹੀਆਂ ਦੇ ਹੋਠੀਂ ਸੁਰਖ ਦੰਦਾਸੜੇ ਚਾੜ੍ਹਿਓ ਨੇ॥ ਜ਼ੁਲਫ਼ਾਂ ਪਲਮ ਰਹੀਆਂ ਗੋਰੇ ਮੁੱਖੜੇ ਤੇ ਬਿੰਦੀ ਲਾਇਕੇ ਰੂਪ ਉਘਾੜਿਓ ਨੇ ॥ ਗੱਲ੍ਹਾਂ ਠੋਡੀਆਂ ਤੇ ਬਣਨ ਖ਼ਾਲ ਖ਼ੂਨੀ ਰੜੇ ਹੁਸਨ ਦੇ ਚਾ ਉਘਾੜਿਓ ਨੇ ॥ ਛਾਤੀ ਖੋਲ੍ਹਕੇ ਹੁਸਨ ਦੇ ਕੱਢ ਲਾਟੂ ਵਾਰਸਸ਼ਾਹ ਨੂੰ ਚਾ ਉਜਾੜਿਓ ॥ ਦੇ ਦੁਹਾਈਆਂ ਰਾਤ ਮੁਕਾਇ ਸੁੱਤੇ ਵੇਖੋ ਹੋਵਣੀ ਕਰੀ ਸ਼ਤਾਬੀਆਂ ਜੋ॥ ਜੇਹੜੀ ਹੋਵਣੀ ਗੱਲ ਸੋ ਹੋਇ ਚੁਕੀ ਸੱਭੋ ਹੋਣੀ ਦੀਆਂ

ਏਹ ਖਰਾਬੀਆਂ ਜੇ ॥ਏਸ ਹੋਣੀ ਨੇ ਸ਼ਾਹਫ਼ਕੀਰ ਕੀਤੇ ਪੁੰਨੂੰ ਜੇਹਿਆਂ ਕਰੇ ਸ਼ਰਾਬੀਆਂਜੇ ॥ ਮਾਸ਼ੂਕ ਨੂੰ ਬੇਪਰਵਾਹਕਰਕੇ ਦੇਵੇ ਆਸ਼ਕਾਂ ਰਾਤ ਅਜ਼ਾਬੀਆਂਜੇ॥ ਅਲੀ ਜੇਹਾਂ ਨੂੰ ਕਤਲ ਗੁਲਾਮ ਕੀਤਾ ਖ਼ਬਰ ਹੋਈ ਨਾ ਮੂਲ ਸੁਹਾਬੀਆਂ ਜੇ॥ਮਜਨੂੰ ਜੇਹਾਂਦਾ ਨਾਉਂਮਜਜ਼ੂਬਹੋਵੇਸ਼ਾਹਜ਼ਾਦਿਆਂਕਰੇਖ਼ਰਾਬੀਆਂਜੇ ॥ਕੁੜੀਆਂ ਪਿੰਡ ਦੀਆਂਬੈਠਕੇ ਪੜ੍ਹਾ ਕੀਤਾਲੈਣੀਅੱਜਕੰਧਾਰ ਪੰਜਾਬੀਆਂ ਜੇ ॥ਵਾਰਸਸ਼ਾਹ ਮੀਆਂ ਛਲ੍ਹੇ ਮੇਹੜਿਆਂਦੇਗਿਰਦੇ ਆਨ ਹੋਈਆਂ ਬੁਰੇ ਬਾਬੀਆਂ ਜੇ ॥

ਇਸ਼ਕ ਇਕ ਤੇ ਇਫ਼ਤਰੇਲੱਖਕਰਦੇਯਾਰੋ ਸਭਤੇ ਔਖੀਆਂ ਯਾਰੀਆਂ ਨੀ॥ ਏਨ੍ਹਾਂ ਯਾਰੀਆਂ ਰਾਜੇ ਨੀ ਫ਼ਕਰ ਕੀਤੇਅਸਾਂ ਕਿਨ੍ਹਾਂ ਦੇ ਹਾਂ ਪਾਣੀਹਾਰੀਆਂ ਨੀ॥ ਕੋਈ ਹੀਰ ਨਾਹੀਂਨਵਾਂ ਇਸ਼ਕ ਕੀਤਾ ਇਸ਼ਕ ਕੀਤਾ ਹੈ ਖ਼ਲਕਤਾਂ ਸਾਰੀਆਂ ਨੀ ॥ ਏਸਇਸ਼ਕਨੇਵੇਖਫ਼ਰਿਹਾਦ ਮਾਰਿਆ ਕੀਤੀਆਂਯੂਸਫ਼ੇਨਾਲ ਖੁਆਰੀਆਂ ਨੀ॥ ਇਸ਼ਕ ਸੋਹਣੀ ਜੇਹੀਆਂ ਸੂਰਤਾਂ ਨੂੰ ਡੋਬ ਵਿਚ ਦਰਿਆਉਦੇ ਮਾਰੀਆਂਨੀ॥ ਮਿਰਜ਼ੇ ਜੇਹੀਆਂ ਸੂਰਤਾਂ ਇਸ਼ਕ ਸੁੰਵੇ ਅੱਗ ਲਾਇਕੇ ਬਾਰ ਵਿਚ ਸਾੜੀਆਂਨੀ ॥ ਸੱਸੀ ਜੇਹੀਆਂ ਸੋਹਣੀਆਂ ਵਿਚ ਥਲਕੇ ਏਸ ਇਸ਼ਕ ਰੁਲਾਇਕੇ ਮਾਰੀਆਂ ਨੀ॥ ਵੇਖੋਂ ਬੋਰਨਾਮਾਰਵਣ ਕਹਿਰ ਘੱਤੇ ਹੋਰਕਈ ਕਰ ਚੁਕੀਆਂ ਯਾਰੀਆਂ ਨੀ॥ ਵਾਰਸਸ਼ਾਹ ਜਹਾਨਦੇ ਚਲਣ ਨਿਆਰੇ ਅਤੇ ਇਸ਼ਕ ਦੀਆਂ ਧੜਾਂ ਨਿਆਰੀਆਂ ਨੀ ॥

॥ ਤਿਆਰੀ ਕੀਤੀ ਕੁੜੀਆਂ ਨੇ ॥

ਸੁਬਹ ਚੱਲਣ ਖੇਤ ਤਯਾਰ ਹੋਕੇ ਕੁੜੀਆਂ ਮਾਵਾਂ ਦੀਆਂ ਕਰਨ ਦਿਲਦਾਰੀਆਂ ਨੀ ॥ ਆਪੋ ਆਪਣੀ ਥਾਉਂ ਤੱਯਾਰ ਹੋਈਆਂ ਕਈ ਵਿਆਹੀਆਂ ਅਤੇ ਕੁਆਰੀਆਂ ਨੀ ॥ ਰੋਜੇਦਾਰ ਨੂੰ ਈਦ ਦਾ ਚੰਦ ਜਿਵੇਂ ਹਾਜੀ ਹੱਜ ਦੇ ਵਾਸਤੇ ਧਾਣੀਆਂ ਨੀ ॥ ਜਿਵੇਂ ਵਿਆਹ ਦੀ ਖੁਸ਼ੀ ਦਾ ਚੰਦ ਚੜ੍ਹਿਆ ਅਤੇ ਮਿਲਨ ਮੁਬਾਰਕਾਂ ਭਾਰੀਆਂ ਨੀ ॥ ਚਲੋ ਚਲ ਹਲ ਚਲ ਧਕ ਧਕਾ ਖੁਸ਼ੀ ਨਾਲ ਨਚਦੀਆਂ ਸਭ ਮੁਟਿਆਰੀਆਂ ਨੀ ॥ ਥਾਉਂ ਥਾਉਂ ਚਵਾਉ ਦੇ ਨਾਲ ਫਿਰਕੇ ਮੁਠੇ ਚੂੜੀਆਂ ਦੇ ਮੁਨਿਆਰੀਆਂ ਨੀ ॥ ਫਿਰਦੇ ਫਲੇ ਦੇ ਘੇਰ ਲੈਆਨ ਹੋਈਆਂ ਸਭੇ ਸੋਹਣੀਆਂ ਹਾਰ ਸਿਗਾਰੀਆਂ ਨੀ ॥ ਇਧਰੋਂ ਸਹਿਤੀ ਨੇ ਮਾਉਂ ਤੋਂ ਲਈ ਰੁਖ਼ਸਤ ਚਲੋ ਚਲੀ ਹੀ ਸਭ ਪੁਕਾਰੀਆਂ ਨੀ ॥ ਐਵੇਂ ਬੰਨ੍ਹ ਕਤਾਰ ਹੋ ਰਵਾਂ ਟੁਰੀਆਂ ਜਿਵੇਂ ਲੱਦਿਆ ਸਾਥ ਬਿਪਾਰੀਆਂ ਨੀ ॥ ਖਤਰੇਟੀਆਂ ਅਤੇ ਬਮ੍ਹਨੇਟੀਆਂ ਨੀ ਤੇ ਜਟੇਟੀਆਂ ਨਾਲ ਸੁਨਿਆਰੀਆਂ ਨੀ ॥ ਐਵੇਂ ਸਹਿਤੀ ਨੇ ਕੁਆਰੀਆਂ ਮੇਲ ਲਈਆਂ ਜਿਵੇਂ ਝੁੰਡ ਮੇਲੇ ਜਟਾਂ ਧਾਰੀਆਂ ਨੀ ॥ ਘੋੜੇ ਛੁਟੇ ਜਿਉਂ ਬਾਗ਼ਾ ਵਿਚ ਫਿਰਨ ਨਚਦੇ ਚੰਦਨ ਜੇਹੇ ਸਰੀਰ ਕਰ ਸਾਰੀਆਂ ਨੀ ॥ ਵਾਰਸ ਸ਼ਾਹ ਹੁਣ ਹੀਰ ਨੂੰ ਸੱਪ ਲੜਦਾ ਖ਼ਬਰ ਪੁਣਾ ਕੀਤਾ ਖ਼ਬਰ ਹਾਰੀਆਂ ਨੀ ॥

॥ ਜਵਾਬ ਸਹਿਤੀ ॥

ਹੁਕਮ ਹੀਰ ਦਾ ਮਾਉਂ ਥੋਂ ਲਿਆ ਸਹਿਤੀ ਗੱਲ ਕੀਤੀ ਸੂ ਨਾਲ

ਸਹੇਲੀਆਂ ਦੇ ॥ ਤਿਆਰ ਹੋਈਆਂ ਨੀ ਦੌਵੇਂ ਨਿਸ਼ਾਨ ਝੱਖੀ ਨਾਲ ਰਲ੍ਹੇ ਨੀ ਕਟਕ ਅਲਬੇਲੀਆਂ ਦੇ॥ ਛੱਡ ਪਾਸਣੇ ਤ੍ਰਰਕ ਬੇਰਾਫ਼ ਚੱਲੇ ਰਾਹ ਮਾਰਦੇ ਨੈਨ ਅਠਖੇਲੀਆਂ ਦੇ ॥ ਕਿੱਲੇ ਪੱਟ ਹੋਈ ਵਿਚ ਖੇੜਿਆਂਦੇ ਰਹੀ ਇੱਕਨਾ ਵਿਚ ਹਵੇਲੀਆਂਦੇ ॥ ਸੋਹਨ ਬੇਸਰਾਂ ਨਾਲ ਬੁਲਾਕ ਬੁੰਦੇ ਜਿਵੇਂ ਫਿਰਨ ਦੁਕਾਨ ਫੁਲੇਲੀਆਂਦੇ ॥ ਧਰੇ ਪਾਉਂਦੇ ਬੰਗਨੇ ਨਾਲ ਬੁੰਦੇ ਟਿੱਕੇ ਵੱਖਦੇ ਵਿੱਚ ਮਖੇਲੀਆਂਦੇ ॥ ਜਟਾਂ ਧਾਰੀਆਂ ਝੁੰਡ ਤਿਆਰ ਹੋਈਆਂ ਸਹਿਤੀ ਗੁਰੂ ਚੱਲੀ ਨਾਲ ਚੇਲੀਆਂ ਦੇ॥ ਰਾਜੇ ਇੰਦ੍ਰ ਦੀ ਸਭਾ ਦੀਆਂ ਹੂਰ ਪਰੀਆਂ ਪਏ ਅੱਜ ਛਣਕਾਰ ਅਰਬੇਲੀਆਂ ਦੇ ॥ ਆਪ ਹਾਰ ਸਿੰਗਾਰ ਕਰ ਦੌੜ ਪਈਆਂ ਇਕੱਠ ਕੀਤਾ ਸੁ ਨਾਲ ਸਹੇਲੀਆਂ ਦੇ ॥ ਵਾਰਸ ਸ਼ਾਹ ਕਸਤੂਰੀ ਦੇ ਹਰਨ ਛੁਟੇ ਬਈ ਬਈ ਕਰ ਅਰਬ ਮਹੇਲੀਆਂ ਦੇ ॥

॥ ਕਲਾਮ ਸ਼ਾਇਰ ॥

ਫੌਜਾਂ ਹੁਸਨ ਦੀਆਂ ਖੇਤ ਵਿੱਚ ਖਿੰਡ ਗਈਆਂ ਕੁਰਤ ਚਾ ਲੰਗੋਟੜੇ ਵੱਟਿਓਨੇ ॥ ਸੰਮੀ ਮਾਰਦੀਆਂ ਘੱਤਦੀਆਂ ਫਿਰਨ ਗਿੱਧਾ ਵੱਝੀ ਘੱਤ ਬੰਨਾ ਵੱਟ ਪੱਟਿਓਨੇ ॥ ਤੋੜ ਕਿੱਕਰੋਂ ਸੂਲ ਦਾ ਵਡਾ ਕੰਡਾ ਪੈਰ ਚੋਭਕੇ ਖੂਨ ਪਲੱਟਿਓਨੇ ॥ ਸਹਿਤੀ ਫ਼ਿਦ ਫ਼ਰੇਬ ਬਣਾਇ ਕੇ ਜੀ ਦੰਦ ਮਾਰ ਕੇ ਖ਼ੂਨ ਉਲੱਟਿਓਨੇ ॥ ਤੀਰ ਦਾਜ਼ਾਂ ਨੇ ਮਕਰ ਦੀ ਸੱਟ ਕੀਤੀ ਓਸ ਹੁਸਨ ਦੇ ਮੋਰ ਨੂੰ ਫੱਟਿਓਨੇ ॥ ਵਾਰਸ ਯਾਰ ਦਾ ਖਰਚ ਤਫ਼ਮੀਲ ਵਿੱਚੋਂ ਹਿੱਸਾ

ਸਿਰਫ਼ ਕਸੂਰ ਦਾ ਕੱਢਿਓਨੇ ॥

॥ ਮਕਰ ਹੀਰ ਦਾ ॥

ਵੰਦਮੀਟ ਘਸੀਟਕੇ ਹੱਡਗੋਡੇ ਚਿੱਥੇ ਹੇਠ ਗਲ੍ਹਾਂਕਰਨੀਲੀਆਂ ਨੀ॥ਨੱਕ ਚਾੜ੍ਹ ਦੰਦੀੜਕਾਂ ਵੱਟਰੋਵੇ ਕੱਢ ਅੱਖੀਆਂ ਨੀਲੀਆਂ ਪੀਲੀਆਂ ਨੀ॥ ਥਰਥਰ ਕੰਬਦੀ ਆਖੇ ਮੈਂ ਮੂਈ ਲੋਕੋ ਕੋਈ ਕਰੇ ਝਾੜਾ ਬੁਰੇ ਹੀਲੀਆਂ ਨੀ ॥ ਮੇਰੇ ਲਿੰਗਤੇ ਪੈਰ ਬੇਸੁਰਤ ਹੋਏ ਲਹੇ ਜੀਵਣੇ ਕਾਜ ਕਲੀਲੀਆਂ ਨੀ ॥ ਕੋਈ ਕਰ ਲੌ ਗੱਲ ਸਹੇਲੀਓ ਨੀ ਕਿਵੇਂ ਸੱਪਦੀ ਜ਼ਹਿਰਨੂੰਕੀਲੀਆਂਨੀ ॥ ਹੀਰ ਮੀਟਕੇਦੰਦ ਪੈ ਰਹੀ ਮੰਜੇ ਸਹਿਤੀ ਗੁਰੂਦੇਪਾਸ ਜਿਉਂ ਚੇਲੀਆਂਨੀ ॥ ਸ਼ੈਤਾਨ ਸ਼ਤੂੰਗੜੇ ਹਥ ਜੋੜਨ ਸਿੱਖੇ ਮਕਰ ਜਿਉਂ ਪੀਰ ਪੈਖੀਲੀਆਂਨੀ ॥ ਵਾਰਸਸ਼ਾਹ ਨਾ ਰੰਨਾਂ ਤੋਂਕੁਛ ਰਹਿੰਦਾ ਕਰਨ ਮਕਰ ਭਾਰੇ ਸਭ ਤੀਲੀਆਂਨੀ ॥ਹੀਰਮੀਟਕੇ ਦੰਦ ਪੈਰਹੀ ਬੇਸੁਧ ਸਹਿਤੀ ਹਾਲ ਤੇ ਸ਼ੋਰ ਪੁਕਾਰਿਆਈ ॥ ਕਾਲੇ ਨਾਗ ਨੇ ਫਨਫੈਲਾਇ ਵਿਹੁਦਾ ਡੰਗ ਵਹੁਟੀਦੇ ਪੈਰ ਤੇ ਮਾਰਿਆਈ ॥ ਕੁੜੀਆਂ ਕਾਂਗ ਕੀਤੀ ਆਇ ਪਈ ਵਾਹਰ ਲੋਕਾਂ ਕੰਮ ਤੇ ਕਾਜ ਵਿਸਾਰਿਆਈ ॥ ਮੰਜੇ ਪਾਇਕੇ ਹੀਰ ਨੂੰ ਘਰੀਂ ਲਿਆਏ ਜੱਟੀ ਪਲੋ ਪਲ ਰੰਗ ਨੂੰ ਹਾਰਿਆਈ ॥ ਦੇਖ ਪਾਰਸੀ ਤੋੜਕੇ ਨਗਮ ਨਸਰਾ ਇਹ ਮਕਰ ਘਿਉ ਵਾਂਗ ਨਿਤਾਰਿਆਈ॥ਅੱਗੇ ਕਿਸੇਕਿਤਾਬਵਿਚਨਹੀਂ ਪੜ੍ਹਿਆਜੇੜ੍ਹਾ ਖਚਰੀਆਂਖਚਰ ਪਸਾਰਿਆਈ॥ਏਹਨੂੰ ਦੇਖ ਸ਼ੈਤਾਨ ਸਲਾਮ

ਕੀਤਾ ਭੁਸੀਂ ਜਿੱਤੀਆਂਤੇ ਅਸਾਂਹਾਰਿਆਈ॥ਅਫ਼ਲਾਤੂਨਦੀ ਚੀਰੀਮਿਕਰਾਜ਼ਕੀਤੀ ਵਾਰਸ ਕੁਦਰਤਾਂਦੇਖਕੇ ਮਾਰਿਆਈ॥

॥ ਲੋਕ ਜਮਾ ਹੋਏ ॥

ਜਿਨ੍ਹਾਂ ਸੁਣਿਆਸੀ ਬਾਹਰੋਂ ਕੂਕ ਕੀਤੀ ਸਾਰੇ ਦੇਸਤੇ ਧੁੰਮ ਭੁਚਾਲ ਆਹੀ ॥ ਖੇੜੀਂ ਖ਼ਬਰ ਹੋਈ ਕਿੜਾਂ ਦੇਸ ਸਾਰੇ ਨੌਂਹ ਖੇੜਿਆਂ ਦੀ ਜੇਹੜੀ ਸਿਆਲ ਆਹੀ॥ ਸਰਦਾਰਸੀ ਖ਼ੂਬਾਂਦੇ ਤ੍ਰਿਵਣਾਂਦੀ ਜੈਂਦੀ ਮੋਰ ਤੇ ਹੰਸਦੀ ਚਾਲ ਆਹੀ॥ਸੈਦੇ ਨਾਲ ਅਜੋੜ ਸੀ ਰਹੀ ਮੁਢੋਂ ਦਿਲੋਂ ਸਾਫ਼ ਰੰਝੇਟੇਦੇ ਨਾਲ ਆਹੀ॥ ਓਸ ਮੋਰਨੀ ਨੂੰ ਕਾਲਾ ਨਾਗ ਲੜਿਆ ਸੱਸ ਓਸਨੂੰ ਦੇਖ ਨਿਹਾਲ ਆਹੀ ॥ ਘਰ ਪੇਕੜੇ ਬਾਪ ਦੀ ਲਾਡਲੀ ਸੀ ਹੁਣ ਖੇੜਿਆਂ ਦੇ ਵਿੱਚ ਜਾਲ ਆਹੀ॥ਪਹਿਲਾਂ ਉਮਰ ਸੁਖੀ ਪਿਛੋਂ ਦੁਖ ਪਾਏ ਧੁਰੋਂ ਵਿੱਚ ਕੁਰਾਨ ਦੇ ਛਾਲ ਆਹੀ॥ ਵਾਰਸਸ਼ਾਹ ਸੁਹਾਗੇਦੀ ਅੱਗ ਵਾਂਗੂ ਸੋਨਾਂ ਖੇੜਿਆਂਦਾ ਸਭੋ ਗਾਲਿਆਈ॥

॥ ਮੰਤ੍ਰੀ ਬਹੁਤ ਸੱਦੇ ॥

ਸੱਦ ਮੰਤ੍ਰੀਖੇੜਿਆਂਬਹੁਤਆਂਦੇ ਫ਼ਕਰਵੈਦਤੇਲੱਖਮਦਾਰੀਆਂ ਦੇ ॥ ਤਿਰਯਾਕ ਅਕਬਰ ਅਫ਼ਲਾਤੂਨ ਵਾਲੇ ਦਾਰੂ ਛੱਡੇ ਫ਼ਿਰੰਗ ਪਸਾਰੀਆਂ ਦੇ॥ਜਨ੍ਹਾਂ ਲੱਖ ਹੀ ਜ਼ਾਤਦੇ ਸੱਪ ਕੀਲੇ ਘਤ ਆਂਦੇ ਨੀ ਵਿੱਚ ਪਟਾਰੀਆਂ ਦੇ॥ਗੰਡੇ ਲੱਖ ਤਾਵੀਜ਼ ਤੇ ਧੂਪ ਧੂਨੀ ਸੂਤ ਆਂਦੇ ਨੀ ਕੰਜ ਕੁਆਰੀਆਂ ਦੇ ॥ ਕੋਈ ਅੱਕ ਚੋਏਤੇ ਖਵਾਏ ਗੰਢੇ ਨਾਗ ਦਉਣਵਿਖਾਂ ਸਭਾ ਮਾਰੀਆਂ ਦੇ ॥

ਲਿਖ ਜੰਤ੍ਰ ਪੜ੍ਹ ਮੰਤ੍ਰਨੂੰ ਫੂਕਮਾਰਨ ਤੰਤ੍ਰਗੋਲੀਆਂ ਹਿਕਮਤਾਂ ਭਾਰੀਆਂ ਦੇ ॥ ਕੋਈ ਲਾਇ ਮਣਕੇ ਲੱਸੀ ਵਿਚ ਧੋਕੇ ਪੜ੍ਹਦੇ ਚਾਇ ਕੀਤੇ ਨਰਾਂ ਨਾਰੀਆਂ ਦੇ ॥ ਤੇਲ ਮਿਰਚ ਤੇ ਬੂਟੀਆਂ ਦੁਧ ਪੈਸੇ ਘਿਉ ਦੇਂਦੇਨੀ ਨਾਲ ਖੁਆਰੀਆਂ ਦੇ॥ਵਾਰਸਸ਼ਾਹ ਸਪਾਧਿਆਂ ਪਿੰਡਬੱਧੇ ਘੱਸਜ਼ਹਿਰਮੌਹਰਾਂਵਿਹੁਸਾਰੀਆਂ ਦੇ॥

॥ ਕਲਾਮ ਸ਼ਾਇਰ ॥

ਦੁਖਹੋਰਤੇਦਾਰੂਨੇ ਹੋਰਦੇਂਦੇ ਫ਼ਰਕ ਪਵੇਨਾ ਲੌਂਤ੍ਰ ਵਿੱਚਲੁੜੀ ਹੈਨੀ॥ਰੰਨਾਂ ਆਖਦੀਆਂ ਵੇਖਕੇ ਜ਼ਹਿਰ ਧਾਣੀ ਕਾਈਸਾਇਤ ਜੀਂਵਦੀ ਕੁੜੀ ਹੈਨੀ॥ਹੀਰ ਆਖਦੀ ਜ਼ਹਿਰ ਜੋ ਖਿੰਡ ਚੱਲੀ ਜੇਹੀ ਕਾਲਜਾ ਚੀਰਦੀ ਛੁਰੀ ਹੈਨੀ ॥ ਮਰ ਚਲੀ ਹੈ ਹੀਰ ਸਿਆਲ ਜੱਟੀ ਬੁਰੀ ਭਲੀ ਸਭ ਆਣਕੇ ਜੁੜੀ ਹੈਨੀ॥ਜਿਸ ਵੇਲੇਦੀ ਸੂਤੜੀ ਏਨ ਸਿੰਗੀ ਬੱਗੀ ਹੋਇ ਗਲੀ ਨਹੀਂ ਮੁੜੀ ਹੈਨੀ ॥ ਵਾਰਸ ਸ਼ਾਹ ਸਦਾਈਏ ਵੈਦ ਜੋਗੀ ਜਿਸ ਤੇ ਹੀਰ ਦੇ ਦਰਦ ਦੀ ਪੁੜੀ ਹੈਨੀ ॥

॥ ਬਿਆਨ ਸੱਪਾਂ ਦੀ ਜ਼ਾਤ ਦਾ ॥

ਸਹਿਤੀ ਆਖਿਆ ਫਰਕਨ ਪਵੇਮਾਸਾ ਏਹ ਸੱਪ ਨਾ ਕੀਲਤੇ ਆਂਵਦੇਨੀ॥ ਕਾਲੇ ਬਾਗ਼ਵਿਚ ਜੋਗੀੜਾ ਸਿੱਧ ਕਾਮਲ ਓਹਦੇ ਕਦਮ ਪਾਇਆਂ ਦੁਖ ਜਾਂਵਦੇਨੀ ॥ ਬਾਸ਼ਕ ਨਾਗ ਕਲੂੰਡੀਏ ਮੇਡ ਭੱਛਕ ਛੀਂਬੇ ਤਿੱਤਰੀ ਸਭ ਲਿਆਂਵਦੇਨੀ॥ਕਲਗੀਦਾਰ ਤੇ ਉਡਣੇ ਭੌਰ ਬਾਦਲ ਅਸਰਾਲ ਕੁਰਾਲ ਡਰ ਪਾਂਵਦੇਨੀ॥

ਮਠੀ ਦਾਰ ਦੇ ਸਿਰੇ ਖੜੇਬੀਏ ਭੀ ਮੰਤਰ ਪੜ੍ਹੇ ਤੇ ਕੀਲਤੇ
ਆਂਵਦੇਨੀ ॥ ਤ੍ਰੂਦੂਰਝਾ ਬੂਰਝਾਪਨੀ ਫਨੀਅਰਸਭੇਆਇਕੇ
ਸੀਸ ਨਿਵਾਉਂਦੇਨੀ ॥ ਬਲਿਸਟੀਏ ਚੀਪਟਾ ਸਿਧ ਦਾ
ਠੰਮਾਲੜਾਦਾਵੜਾਗਾਂਵਦੇਨੀ॥ਕੁੰਗਣੀਆਂਕਾਮਣਾਲੂਸਲੂਸਾ
ਤੇ ਰਤਵਾੜੀਏ ਕੁਚਲੀਏਛਾਂਵਦੇ ਨੀ ॥ ਖਜੂਰੀਆਤੇਲੀਆ
ਪੰਜ ਜੰਘੀਹਥਵਾਰੀਆ ਕੋੜੀਆਕਾਵਰੇਨੀ ॥ ਕੋਈਦੁਖ ਤੇ
ਦਰਦ ਨ ਰਹੇ ਭੋਰਾ ਜਾਦੂਜਿਨ ਤੇ ਭੂਤ ਸਭ ਜਾਂਵਦੇਨੀ ॥
ਮਿ: ਓਸਨੂੰ ਕੋਈ ਨਾ ਰਹੇ ਰੋਗੀ ਦੁਖ ਕੁਲਾਂ ਦੇ ਉਸਦੇ
ਜਾਂਵਦੇਨੀ ॥ ਰਾਉਰਾਜੇ ਭੇਦੇਓਤੇਜਿੰਨਪਰੀਆਂਸਭੇਉਸਤੋਂ
ਹੱਥ ਦਿਖਾਉਂਦੇਨੀ ॥ ਹੋਰ ਵੈਦ ਸਭ ਵੈਦਗੀ ਲਾ ਥੱਕੇ
ਵਾਰਸਸ਼ਾਹ ਜੋਗੀ ਸਭ ਆਂਵਦੇਨੀ ॥

॥ ਜਮਾ ਕੀਤੀ ਖੇੜਿਆਂ ਨੇ ॥

ਖੇੜਿਆਂ ਆਖਿਆ ਸੈਦੇਨੂੰਘਲਦੀਜੇ ਜੋੜ੍ਹਾ ਡਿੱਗੇਫ਼ਕੀਰਦੀ
ਜਾਇਪੈਰੀਂ ॥ ਸਾਡੀ ਕੰਗ ਵਾਹਰ ਨਾਮ ਰਬ ਦੇ ਜੀ ਕੋਈ
ਫ਼ਜ਼ਲ ਦਾ ਪੱਲੜਾ ਚਾਇ ਫੇਰੀਂ ॥ ਸਾਰਾ ਖੋਲ੍ਹ ਕੇ ਹਾਲ
ਅਹਿਵਾਲਆਖੀਂਨਾਲਮੇਹਰੀਆਂਬਰਕਤਾਂਹੈਨਤੇਰੀਂ॥ਚੱਲੀਂ
ਵਾਸਤੇ ਰਬਦੇ ਨਾਲਮੇਰੇਕਦਮਵਾੜਿਆਂ ਫ਼ਕਰਦੇਹੋਨਖ਼ੈਰੀਂ
॥ ਦੰਮਲਾਇਕੇਹੀਰਵਿਆਹਆਂਦੀ ਜੰਞ ਜੋੜਕੇਗਏਸਾਂਵਿਰ
ਭੇਰੀਂ॥ ਬੈਠਕੇੜਮੇ ਗੱਲ ਪਕਾਇਛੱਡੀਸੈਦਾ ਘੱਲਿਆ ਰਲਕੇ
ਜਾਇਐਰੀਂ ॥ ਜੀਕੂੰ ਜਾਣ ਸੈਂ ਤਿਵੇਂ ਲੈ ਆਓ ਜੋਗੀ ਕਰ

ਮਿੰਨਤਾਂਲਾਵਣਾਹੱਥਪੈਰੀਂ ॥ ਵਾਰਸਸ਼ਾਹਮੀਆਂਤੇਰਾਇਲਮ ਚੰਗਾ ਮਸ਼ਹੂਰ ਹੈ ਜਿੰਨ ਤੇ ਇਨਸ ਤੈਰੀਂ ॥

॥ ਅੱਜੂ ਨੇ ਸੈਦੇ ਨੂੰ ਆਖਿਆ ॥

ਅੱਜੂ ਆਖਿਆ ਸੈਦਿਆ ਜਾਹ ਬੱਚਾ ਏਹ ਵਟੀਹੁਆਂਬਹੁਤ ਪਿਆਰੀਆਂਨੀ ॥ ਦੋਵੇਂ ਬੰਨ੍ਹਕੇ ਹੱਥ ਸਲਾਮ ਕਰਨਾ ਭੁਸੀ ਸਾਰੀਆਂਖ਼ਲਕਤਾਂ ਤਾਰੀਆਂਨੀ ॥ ਅੱਗੇ ਨਜ਼ਰ ਰੱਖੀਂ ਸੱਭੋ ਹਾਲ ਦੱਸੀਂ ਅੱਗੇ ਜੋਗੀ ਦੇ ਕਰੀਂਤੂੰ ਦਾਰੀਆਂ ਨੀ ॥ ਸਾਨੂੰ ਬਨੀ ਹੈ ਹੀਰ ਨੂੰ ਸੱਪ ਲੜਿਆ ਖੋਲ੍ਹ ਆਖੀਂ ਹਕੀਕਤਾਂ ਸਾਰੀਆਂਨੀ ॥ ਆਖੀਂ ਵਾਸਤੇਰੱਬਦੇਚਲੋਜੋਗੀਸਾਨੂੰਬਣੀਆਂ ਮੁਸੀਬਤਾਂ ਭਾਰੀਆਂਨੀ ॥ ਜੋਗੀਮਾਰਮੰਤ੍ਰ ਕਰੇ ਸੱਪ ਹਾਜ਼ਰ ਜਾਹਲਿਆਇ ਬੁਲਾਇਕੇ ਕਾਰੀਆਂਨੀ ॥ ਤੇਰੀ ਵਹੁਟੜੀਹੈ ਤੈਨੂੰ ਜਾਣ ਲਾਇਕ ਤੂੰਹੇਂਜਾਨਦਾਹੈਂ ਗੱਲਾਂ ਸਾਰੀਆਂਨੀ ॥ ਵਾਰਸਸ਼ਾਹਉਥੇਨਹੀਂ ਫੁਰੇਮੰਤਰ ਜਿੱਥੇ ਦੰਦੀਆਂਇਸ਼ਕਨੇ ਮਾਰੀਆਂਨੀਂ ॥

॥ ਸੈਦਾ ਚੱਲਿਆ ॥

ਸੈਦਾ ਮਾਰ ਬੁੱਕਲ ਬੱਧੀ ਪੱਚਾਰਿੱਕੀ ਜੋੜਾ ਝਾੜਕੇ ਡਾਂਗਲੈ ਕੜਕਿਆਈ ॥ ਵਾਹੁਦਾਹ ਚਲਿਆ ਖੁਰੀ ਬੰ ੂ ਸੈਦਾਵਾਂਗ ਕਾਟਕੂ ਮਾਲ ਤੇ ਸਰਕਿਆਈ ॥ ਕਾਲੇ ਬਾ ਵਿੱਚਜੋਗੀ ਦੇ ਜਾਇਵੜਿਆ ਜੋਗੀ ਵੇਖਕੇ ਜੱਟਨੂੰ ਧੜਕਿਆਈ ॥ ਖੜਾਹੋ ਮਾਹੀਮੁੰਡਿਆਜਾਹੁਨਾਹੀਂ ਮਾਰਬਾਹੋਂਸ਼ੋਰਕਰਭੜਕਿਆਈ

॥ ਸੈਦਾ ਸੰਗ ਕੇ ਘਰ ਬਰ ਪਿਆ ਕੰਬੇ ਓਹਦਾ ਅੰਦਰੋਂ ਕਾਲਜਾ ਧੜਕਿਆਈ ॥ ਓਥੇ ਖੜੀ ਕਰ ਬਾਂਹ ਪੁਕਾਰਦਾਈ ਏਹ ਖਤਰੇ ਦਾ ਮਾਰਿਆ ਬੜ੍ਹਕਿਆਈ ॥ ਚੱਲੀਂ ਵਾਸਤੇ ਰੱਬ ਦੇ ਜੋਗੀਆ ਵੇ ਕੰਡਾ ਵਿੱਚ ਕਲੇਜੇ ਦੇ ਰੜਕਿਆਈ ॥ ਜੋਗੀ ਆਖਦਾ ਕੌਣ ਹੈ ਬਨੀ ਔਖੀ ਏਸ ਹਾਲ ਆਇਓਂ ਜੱਟ ਭੜਕਿਆਈ॥ਜੱਟੀ ਵੜੀ ਕੁਪਾਹ ਵਿੱਚ ਬੰਨ੍ਹ ਝੋਲੀ ਕਾਲਾ ਨਾਗਅਜ਼ਗੈਬਦਾਲੜਗਿਆਈ॥ਵਾਰਸਸ਼ਾਹਜਿਉਂਰੋਵੀਆਂ ਕੱਢ ਆਇਆ ਜ਼ਹਿਰੀ ਸੱਪ ਸਰੋਹੀ ਦਾ ਲੜਗਿਆਈ ॥

॥ ਕਲਾਮ ਸੈਦਾ ॥

ਹੱਥਬੰਨ੍ਹਕੇ ਸੈਦੇਨੇਪੈਰ ਪਕੜੇ ਮੈਨੂੰਦੁੱਖ ਲੱਗਾ ਤੈਥੇਆਇਆ ਮੈਂ ॥ ਦਿਨੇ ਰਾਤ ਵਹੁਟੀ ਮੇਰੀ ਤੜਫਦੀ ਹੈ ਏਸ ਦਰਦ ਨੇ ਬਹੁਤ ਸਤਾਇਆਮੈਂ ॥ ਮੀਆਂ ਵੈਦ ਤੇ ਮਾਂਦਰੀ ਭਾਲ ਥੱਕਾ ਸਭਕੰਮਤੇ ਕਾਜ ਭੁਲਾਇਆ ਮੈਂ॥ਵਾਰਸਸ਼ਾਹ ਸਹਿਤੀ ਤੇਰੀ ਦੱਸ ਪਾਈ ਰਲ ਕੋੜਮੇ ਸਭ ਪਹੁੰਚਾਇਆ ਮੈਂ ॥

॥ ਕਲਾਮ ਜੋਗੀ ॥

ਤਕਦੀਰ ਨੂੰ ਮੋੜਨਾ ਭਲਾ ਨਾਹੀਂ ਸਭੋ ਨਾਲ ਤਕਦੀਰ ਦੇ ਡੰਗਦੇਨੀ॥ਤੈਨੂੰ ਰੱਬ ਦੇ ਇਸ਼ਕ ਦੀ ਚਾਟ ਲੱਗੀ ਦੀਦਵਾਨ ਰਜ਼ਾਇਦੇ ਰੰਗਦੇ ਨੀ ॥ ਜੇਹੜੇ ਛੱਡ ਜਹਾਨ ਉਜਾੜ ਵੱਸਨ ਸੋਹਬਤ ਔਰਤਾਂ ਦੀ ਕੋਲੋਂ ਸੰਗਦੇ ਨੀ ॥ ਕਦੇ ਕਿਸੇ ਦੀ ਕੀਲ ਵਿਚ ਨਹੀਂ ਆਏ ਜੇਹੜੇ ਸੱਪ ਸਿਆਲਾਂ ਦੇ ਡੰਗਦੇਨੀ ॥ ਅਸਾਂ

ਚਾਇ ਕੁਰਾਨ ਤੇ ਕਸਮਖਾਧੀ ਸੰਗ ਮੇਹਰੀਆਂਦੇ ਕੋਲੋਂ ਸੰਗਦੇ
ਨੀ॥ ਮਰਨ ਵੇਹ ਜੱਟੀ ਜ਼ਰਾ ਵੈਣ ਸੁਣੀਏ ਰਾਗ ਨਿਕਲਨ
ਰੰਗ ਬਰੰਗਦੇਨੀ ॥ ਜੁਆਨ ਮਰੇ ਮਹਿਰੀ ਬਦਰੰਗ ਹੋਕੇ
ਖੁਸ਼ੀ ਹੋਂਵਦੇ ਜੀਉ ਮਲੰਗਦੇ ਨੀ ॥ ਵਾਰਸਸ਼ਾਹ ਮੁਨਾਇਕੇ
ਸੀਸ ਦਾੜ੍ਹੀ ਹੋਇ ਰਹੇ ਹਾਂ ਸਾਕ ਨਾਂ ਅੰਗ ਦੇ ਨੀ॥

॥ ਕਲਾਮ ਸੈਦਾ ॥

ਹੱਥ ਬੰਨ੍ਹ ਨੀਵੀਂ ਧੌਣਘਾਹ ਮੂੰਹਵਿਚ ਕੱਢ ਦੇਂਦੀਆਂਮਿੰਨਤਾਂ
ਘਾਲਿਆ ਓਇ॥ਤੇਰੇ ਚੱਲਿਆਂ ਹੋਂਵਦੀਹੈ ਹੀਰ ਚੰਗੀਧ੍ਰੋਹੀ
ਰੱਬਦੀ ਮੁੰਦਰਾਂ ਵਾਲਿਆ ਓਇ ॥ ਅੱਠ ਪਹਰ ਹੋਏ ਭੁੱਖੇ
ਕੋੜਮੇਨੂੰ ਲੁਡ੍ਹ ਗਏਹਾਂ ਫੱਕਰਾ ਜਾਲਿਆ ਓਇ॥ਜੱਟੀਜ਼ਹਿਰ
ਵਾਲੀ ਕਿਸੇਨਾਗਡੰਗੀਅਸਾਂਮੁਲਕਤੇ ਮਾਂਦਰੀਭਾਲਿਆ ਓਇ
॥ ਜੱਟੀਨਹੀਂ ਚੰਗੀਹੋਂਵੇ ਹੋਰਨਾਂ ਥੋਂ ਤੇਰੇ ਚੱਲਿਆਂ ਖੈਰਹੋਇ
ਰਾਵਲਾ ਓਇ॥ ਮੀਆਂ ਰੱਬ ਦੇ ਵਾਸਤੇ ਤਾਰ ਸਾਨੂੰ ਬੇੜਾ
ਲਾਇ ਬੰਨੇ ਅੱਲਾ ਵਾਲਿਆ ਓਇ॥ਲਿਖੀ ਵਿਚ ਰਜ਼ਾਇਦੇ
ਮੜ੍ਹੇ ਨਾਹੀਂ ਜਿਸ ਰੱਬਦਾ ਦੁਖ ਹੈ ਜਾਲਿਆ ਓਇ ॥ ਤੇਰੀ
ਜੱਟੀਦਾ ਮੈਂ ਕੀ ਇਲਾਜ ਕਰਨਾ ਅਸਾਂ ਕੋੜਮਾ ਆਪਣਾਂ
ਗਾਲਿਆ ਓਇ॥ਵਾਰਸਸ਼ਾਹ ਰਜ਼ਾਇ ਤਕਦੀਰਵੱਲੋਂ ਪੀਰਾਂ
ਔਲੀਆਂ ਨੇ ਨਹੀਂ ਟਾਲਿਆ ਓਇ ॥

॥ ਕਲਾਮ ਜੋਗੀ ॥

ਚੁੱਪਹੋਇ ਜੋਗੀ ਸਹਿਜੇ ਬੋਲਿਆਈ ਜੱਟਾ ਕਾਸਨੂੰ ਪਕੜਿਓ

ਰਾਹੀਆਂਨੂੰ॥ ਅਸੀ ਛੱਡ ਜਹਾਨ ਫ਼ਕੀਰ ਹੋਏ ਛੱਡ ਦੌਲਤਾਂ
ਮਾਲ ਪਾਤਿਸ਼ਾਹੀਆਂ ਨੂੰ॥ ਯਾਦ ਰੱਬਦੀ ਛੱਡਕੇ ਕਰਾਂ ਝਾੜਾ
ਫੜਾਂ ਉਡਦੀਆਂ ਛੱਡਕੇ ਫਾਹੀਆਂ ਨੂੰ॥ਅਸੀਰਾਤ ਦਿਨਰੱਬ
ਨੂੰਯਾਦਕਰਦੇਤੁਸੀ ਜੋਤੜੇ ਲਾਂਵਦੇ ਵਾਹੀਆਂਨੂੰ॥ਮੇਰੇ ਚੱਲਣੇ
ਨਾਲਨਾਲਫ਼ਾਕੋਈ ਮੇਰਾਮੰਤਰਨਾਂ ਫੁਰੇਵਿਆਹੀਆਂਨੂੰ॥ ਰੰਨਾਂ
ਖਾਸ ਫ਼ਕੀਰਾਂਨੂੰ ਐਬ ਜਾਣਾਜੇਹਾ ਨੱਸਣਾ ਰਣੋਂ ਸਿਪਾਹੀਆਂ
ਨੂੰ॥ ਵਾਰਸ ਰੱਢ ਕੁਰਾਨ ਤੇ ਬਹੇਂ ਮਿੰਬਰ ਕੇਹੀਆਂ ਅੱਡੀਓ
ਮਕਰਦੀਆਂ ਫਾਹੀਆਂ ਨੂੰ॥

॥ ਕਲਾਮ ਸੈਦਾ ॥

ਸੈਦਾਆਖਦਾਰੋਂਦੜੀਪਈਡੋਲੀਚੁੱਪਕਰੇਨਹੀਂਹਤਿਆਰੜੀ
ਓਇ॥ਏਡੀਰੰਨ ਸਾਰੀ ਵਿਨੀ ਜੁਆਨ ਪੂੰਨੀ ਪਹਿਨਕੱਪੜੇ
ਵਡੀ ਮੁਟਿਆਰੜੀਓਇ॥ਨਾਲ ਸੱਸਨਿਣਾਨਦੇ ਗੱਲ ਨਾਹੀਂ
ਖੇੜ ਖਤਰਿਓਂ ਰਹੇਨਿਆਰੜੀ ਓਇ॥ ਅਸਾਂ ਮੂਲਨਾ ਓਸਨੂੰ
ਹੱਥ ਲਾਇਆ ਕੋਈ ਲਾਗਰ ਲੋਥਹੈ ਭਾਰ ੀ ਓਇ॥ ਜੇ ਮੈਂ
ਹੱਥ ਲਾਵਾਂ ਸਿਰੋਂਲਾਹਿ ਸੁੱਟੇ ਰਾਇ ਪੱਤਦੀਚੀਕ ਰਿਹਾਰੜੀ
ਓਇ॥ ਹੱਥ ਲਾਂਵਣਾ ਪਲੰਘ ਨੂੰ ਮਿਲੇ ਨਾਹੀ ਅੱਜ ਤੀਕ
ਓਹ ਰਹੀ ਕੁਆਰੜੀ ਓਇ॥ ਮੈਨੂੰ ਮਾਰਕੇ ਆਪ ਨਿਤ ਰਹੇ
ਰੋਂਦੀ ਪਈ ਮੱਚਦੀਨਿੱਤ ਖੁਆਰੜੀਓਇ॥ਐਵੇਂ ਗ਼ਫ਼ਲਤਾਂ
ਵਿੱਚਘਰਬਾਦਕੀਤੀਵਾਰਸਸ਼ਾਹਏਹਉਮਰਵਿਚਾਰੜੀਓਇ॥

॥ ਕਲਾਮ ਸ਼ਾਇਰ ॥

ਜੋਗੀ ਪਾਇ ਹੌਕਾ ਪਿੜੀ ਵਿਚ ਕੀਤੀ ਛੁਰੀ ਉਸਦੇ ਵਿੱਚ ਖੁਭਾਈਆ ਸੂ ॥ ਖਾਹ ਕਸਮ ਕੁਰਾਨ ਦੀ ਬੈਠ ਜੱਟਾਕਸਮ ਚੋਰ ਤੋਂ ਚਾਇ ਚਵਾਈਆਸੂ ॥ ਉਸਦੇ ਨਾਲ ਨਾਹੀਂ ਜੇ ਤੂੰ ਅੰਗ ਲਾਇਆ ਛੁਰੀ ਪੱਟਕੇ ਧੌਣ ਰਖਾਈਆ ਸੂ॥ ਫੜਿਆ ਹੁਸਨਦੇਮਾਲਦਾ ਚੋਰਸਾਬਤ ਤਾਂਹੀਂ ਉਸਨੂੰਕਸਮਕਰਾਈਆ ਸੂ ॥ਵਾਰਸ ਬੰਦਗੀ ਛੱਡਕੇ ਪਿਆ ਇਜਟ ਐਵੇਂ ਉਮਰਹੀ ਸਭ ਗਵਾਈਆ ਸੂ ॥

॥ ਕਸਮ ਖਾਂਦਾ ਹੈ ਸੈਦਾ ਅੱਗੇ ਜੋਗੀ ਦੇ ॥

ਸੈਦੇ ਨਿਸ਼ਾ ਕੀਤੀ ਅਗੇ ਜੋਗੀੜੇ ਦੇ ਸਾਨੂੰ ਕਸਮ ਹੈ ਪੀਰ ਫ਼ਕੀਰਦੀਜੀ॥ ਮਰਾਂ ਏਸ ਜਹਾਨ ਤੋਂ ਹੋਇ ਕੋਹੜਾ ਜੇਕਰ ਡਿਠੀ ਮੈਂ ਸੂਰਤ ਹੀਰਦੀ ਜੀ ॥ ਸਾਨੂੰ ਹੀਰ ਜੱਟੀ ਧੌਲਧਾਰ ਦਿਸੇ ਕੋਹਕਾਫ਼ ਤੇ ਧਾਰ ਕਸ਼ਮੀਰ ਦੀ ਜੀ ॥ ਲੰਕਾ ਕੋਟ ਸਮੁੰਦ੍ਰੋਂ ਪਾਰਦਿੱਸੇ ਫ਼ਰਿਆਦ ਜਿਉਂ ਨਹਿਰਹੈ ਸ਼ੀਰਦੀਜੀ॥ ਦੂਰੋਂ ਆਨਵਾਬਾ ਇਕ ਛਡਿਆਈ ਗੁਰੂ ਪੀਰ ਬਗ਼ਦਾਦ ਦੇ ਪੀਰ ਦੀ ਜੀ॥ ਸਾਨੂੰ ਕਹਿਆ ਦਿਵਾਲ ਹੈ ਏਹ ਦਿੱਸੇ ਢੁੱਕਾਂ ਜਾਇ ਤਾਂ ਕਾਲਜਾ ਚੀਰਦੀਜੀ॥ ਇਸਦੀ ਝਾਲ ਨਾ ਅਸਾਂਥੋਂ ਜਾਇ ਝੱਲੀ ਝਾਲ ਕੌਣ ਝੱਲੇ ਛੁੱਟੇ ਤੀਰ ਦੀ ਜੀ॥ ਭੈਂਸ ਮਾਰਕੇਮਿਝਨਾਦੇਇਢੁੱਕਣ ਐਵੇਂ ਹੰਸਕੇਪੀਦੁਧਖੀਰਦੀਜੀ॥ ਲੋਕ ਆਖਦੇ ਪਰੀਹੈ ਹੀਰਜੱਟੀਅਸਾਂ ਡਿੱਠੀ ਨਾ ਸੂਰਤਹੀਰ

ਦੀਜੀ ॥ ਵਾਰਸ ਝੂਠ ਨਾ ਬੋਲੀਏ ਜੋਗੀਆਂ ਤੇ ਖਿਆਨਤ ਨਾਹਿੰ ਕਰੀਏ ਜੋਗੀ ਪੀਰ ਦੀ ਜੀ ॥

॥ ਕਲਾਮ ਜੋਗੀ ॥

ਜੋਗੀ ਕੱਢਕੇ ਅੱਖੀਆਂ ਨਾਲ ਗੈਰਤ ਕਰ ਰੋਹ ਥੀਂ ਨੀਰ ਪਲੱਟਿਆਈ ॥ ਏਹ ਹੀਰ ਦਾ ਵਾਰਸੀ ਹੋਇ ਬੈਠਾ ਜਾਇ ਰੋਜ਼ਕਾ ਸਾਹਿ ਤੇ ਸੱਟਿਆਈ ॥ ਸਣੇਜੁਤੀਦੇ ਚੌਂਤਰੇ ਵਿਚ ਵੜਿਓਂ ਸਾਡਾ ਧਰਮ ਤੇ ਨੇਮ ਸਭ ਪੱਟਿਆਈ ॥ ਲੁੱਟਪੁੱਟਕੇ ਮਾਲ ਨਿਖੁੱਟਿਆਈ ਕੁਟ ਫਾਟਕੇ ਰੋਝੇ ਵਿੱਚ ਸੱਟਿਆਈ ॥ ਬੁਰਾ ਬੋਲਦਾਨੀਰ ਪਲੱਟਅੱਖੀਂ ਜੇਹਾਬਾਣੀਆਂਸ਼ਹਿਰਵਿੱਚ ਲੁੱਟਿਆਈ ॥ ਫੜ ਸੈਦੇ ਨੂੰ ਨਾਲ ਫਹੌੜੀਆਂ ਦੇ ਚੋਰ ਯਾਰ ਵਾਂਗੂ ਢਾਹਿ ਕੁੱਟਿਆਈ ॥ ਖੜਲਤਫਹੌੜੀਆਂਖੂਬ ਜੜੀਆਂ ਧੌਨਸੋਕੀਆ ਨਾਲ ਗਲ ਝੁੱਤਿਆਈ ॥ ਦੋਵੇਂ ਬੰਨ੍ਹ ਬਾਹਾਂ ਸਿਰੋਂ ਲਾਹ ਪਟਕਾ ਗੁਨਾਹਗਾਰ ਵਾਂਗੂ ਉਠ ਜੁੱਟਿਆਈ ॥ ਕੁਟਧਾਈਆਂ ਵਾਂਗ ਚਕਚੂਰ ਕੀਤਾ ਲਿੰਗ ਭੰਨਕੇ ਮਿਧ ਨੂੰ ਘੁੱਟਿਆਈ ॥ ਵਾਰਸਸ਼ਾਹ ਖ਼ੁਦਾਇ ਦੇ ਖੌਫ਼ ਕੋਲੋਂ ਸਾਡੇ ਨੈਣਾਂ ਦਾ ਨੀਰ ਨਿਖੁੱਟਿਆਈ ॥

॥ ਸੈਦਾ ਨੱਸਿਆ ॥

ਸੈਦਾ ਖਾਇਕੇ ਮਾਰ ਫਿਰ ਉਠ ਨੱਠਾ ਵਾਹੋਦਾਹ ਭੰਨਾਪਿੰਡ ਆਂਵਦਾਈ ॥ ਏਹ ਜੋਗੀੜਾ ਨਹੀਂ ਜੇ ਧਾੜ ਕੋਈ ਖੋਹਲ ਆਪਣਾ ਹਾਲ ਵਖਾਂਵਦਾਈ ॥ ਏਹ ਕਾਵਰ ਦੇਸ ਦਾ ਸਿਰ

ਜਾਣ ਵਡੇਲੋਂ ਧੜੇਤੇ ਕਹਿਰ ਕਮਾਂਵਦਾਈ ॥ ਏਹਦੇਉ ਉਜਾੜ
ਵਿਚ ਆਨ ਲੱਥਾ ਨਾਲ ਕੜਕਿਆਂ ਜਿੰਦ ਗਵਾਂਵਦਾਈ॥ ਨਾਲੇ
ਪੜ੍ਹੇ ਕੁਰਾਨ ਤੇ ਦੇਇ ਬਾਂਗਾਂ ਚੌਕੇ ਪਾਂਵਦਾ ਸਿਖ ਵਜਾਂਵਦਾਈ ॥
ਵਾਂਗ ਦੇਉ ਤੇ ਜਿੰਨ ਦੇ ਜ਼ੋਰ ਇਸ ਵਿਚ ਨਹੀਂ ਕਾਬੂ ਇਹ ਕਿਸੇ
ਦੇ ਆਂਵਦਾਈ॥ ਮੈਨੂੰ ਮਾਰਕੇ ਕੁੱਟਕੇ ਤਹਿਕੀਤਾ ਪਿੰਡਾ ਖੇਲ੍ਹਕੇ
ਜੱਟ ਵਿਖਾਂਵਦਾਈ ॥ ਵਾਰਸ ਸ਼ਾਹ ਫ਼ਕੀਰ ਨੇ ਮਾਰ ਕੀਤੀ
ਸੈਦਾ ਅੱਜੂ ਨੂੰ ਆਇ ਸੁਨਾਂਵਦਾਈ ॥

॥ ਕਲਾਮ ਅੱਜੂ ॥

ਅੱਜੂ ਆਖਿਆ ਵੇਖੋ ਅਨ੍ਹੇਰ ਯਾਰੋ ਵਡਾ ਗ਼ਜ਼ਬ ਫ਼ਕੀਰ ਨੇ ਚਾਇਆ
ਜੇ॥ ਏਸ ਸੈਦੇ ਗਰੀਬ ਨੂੰ ਮਾਰ ਜਿੰਦੋਂ ਕੰਮ ਕਾਜ ਤੋਂ ਚਾਇ
ਗਵਾਇਆ ਜੇ ॥ ਫ਼ਕਰ ਮਿਹਰ ਕਰਦੇ ਸਾਰੀ ਖਲਕ ਉੱਤੇ
ਏਸ ਕਹਿਰ ਜਹਾਨ ਤੇ ਪਾਇਆ ਜੇ ॥ ਵਾਰਸ ਸ਼ਾਹ ਮੀਆਂ
ਨਵਾਂ ਸਾਂਗ ਵੇਖੋ ਦੇਉ ਆਦਮੀ ਹੋਇਕੇ ਆਇਆ ਜੇ ॥

॥ ਕਲਾਮ ਸਹਿਤੀ ॥

ਸਹਿਤੀ ਆਖਿਆ ਬਾਬਲਾ ਜਾਹ ਆਪੇ ਸੈਦਾ ਆਪ ਨੂੰ ਮਰਦ
ਸਦਾਂਵਦਾਈ ॥ ਨਾਲ ਗਰਬ ਹੰਕਾਰ ਦੇ ਮਸਤ ਫਿਰਦਾ ਨਜ਼ਰ
ਤਲੇ ਨਾ ਕਿਸੇ ਨੂੰ ਲਿਆਂਵਦਾਈ ॥ ਸਾਹਨੇ ਵਾਂਗ ਇਹ ਸਿਰੀ
ਪਟਾਂਵਦਾਈ ਅੱਗੋਂ ਆਕੜਾਂ ਪਿਆ ਦਿਖਾਂਵਦਾਈ ॥ ਨਾਲ
ਜਾਇ ਫ਼ਕੀਰ ਦੇ ਕਰੇ ਆਕੜ ਗੁਸੇ ਗ਼ਜ਼ਬ ਦੇ ਪਿਆ
ਦਿਖਾਂਵਦਾਈ ॥ ਮਾਰੇ ਨੌਂਧ ਦੇ ਦੁਖ ਹੈਰਾਨ ਹੋਇਆ ਅੱਜੂ

ਘੋੜੇਉਂ ਭਜੂਧਾਂਵਦਾਈ॥ ਯਾਰੋ ਉਮਰ ਸਾਰੀ ਜੱਟੀ ਨਾਹਿ ਲੱਧੀ ਰਹਿਆ ਸੋਹਣੀ ਢੂੰਢ ਢੂੰਢਾਂਵਦਾਈ ॥ ਕਰਾਂ ਜਾਇ ਖੁਸ਼ਾਮਦਾਂ ਜੋਗੀੜੇਦੀਆਂ ਕਰੇ ਰਹਿਮ ਬੇੜਾਬੰਨੇਲਾਂਵਦਾਈ ॥ ਵਾਰਸਸ਼ਾਹ ਜੁਆਨੀ ਵਿਚ ਮਸਤ ਫਿਰਦਾ ਵਖਤ ਪਏ ਨਾਹੀਂ ਪਛੋਤਾਂਵਦਾਈ ॥

॥ ਕਲਾਮ ਅੱਜੂ ॥

ਹੱਥ ਬੰਨ੍ਹ ਖੇੜਾ ਜਾਇਪੀਰਅੱਗੇ ਤੁਸੀਲਾਡਲੇਪਰਵਰਦਗਾਰ ਦੇਹੋ ॥ ਹੋਵੇ ਦੁਆਇਕਲੂਬ ਪਿਆਰਿਆਂਦੀ ਦੀਨ ਦੁਨੀ ਦੇ ਕੰਮ ਸੁਆਰਦੇਹੋ ॥ ਤੁਸੀਂ ਫਕਰ ਅੱਲਾਹਦੇ ਪੀਰ ਪੂਰੇ ਵਿੱਚ ਰੋਖਦੇਮੇਖਛਾਮਾਰਦੇਹੋ॥ ਅੱਠੇਪਹਿਰਖੁਦਾਇਦੀ ਯਾਦਅੰਦਰ ਤੁਸੀ ਨਫਸ ਤੇ ਹਿਰਸ ਨੂੰ ਮਾਰਦੇ ਹੋ ॥ ਹੁਕਮ ਰੱਬਦੇ ਵਿੱਚ ਹੋ ਨਹੀਂ ਬਾਹਿਰ ਤੁਸੀਂ ਦੁਆਇਦੇ ਨਾਲ ਕੰਮ ਸਾਰਦੇ ਹੋ ॥ ਮਰੀ ਨੋਂਹ ਨੂੰ ਸੱਪਦਾ ਅਸਰ ਹੋਇਆ ਤੁਸੀ ਕੀਲ ਮੰਤ੍ਰ ਸੱਪ ਮਾਰਦੇ ਹੋ ॥ ਤੇਰੇ ਚੇਲਿਆਂ ਜੀਂਵਦੀ ਨੋਂਹ ਮੇਰੀ ਲੱਗਾ ਆ ਦਾਮਨ ਤੁਸੀ ਤਾਰਦੇ ਹੋ ॥ ਵਾਰਸਸ਼ਾਹ ਤਕਸੀਰ ਨੂੰ ਮਾਫ਼ ਕਰੀਏ ਬਖ਼ਸ਼ਨ ਹਾਰ ਬੰਦੇ ਗੁਨਹਗਾਰ ਦੇ ਹੋ ॥

॥ ਕਲਾਮ ਜੋਗੀ ॥

ਛੱਡਦੇਸਜਹਾਨਉਜਾੜਮੱਲੀ ਅਜੇ ਅੱਟਪਿੱਛਾ ਨਹੀਂ ਛੱਡਦੇ ਨੀ ॥ ਅਸਾਂ ਛੱਡਿਆ ਏਹਨਾਮੂਲਛੱਡਣ ਰੀਝੇ ਮੁੱਢ ਕਦੀਮ ਤੋਂ ਚੱਜ ਦੇ ਨੀ ॥ ਲੀਹ ਪਈ ਮੇਰੇ ਉੱਤੇ ਝਾੜਿਆਂ ਦੀ ਧਾੜ

ਜਾਣ ਨਾਹੀਂ ਪਿੰਜ ਕੱਢ ਦੇ ਨੀ ॥ ਵਾਰਸ ਸ਼ਾਹ ਜਹਾਨ ਤੋਂ ਥੱਕ ਗਏ ਅਜ ਕਲ ਫਕੀਰ ਹੁਨ ਲੱਦਦੇ ਨੀ ॥

॥ ਕਲਾਮ ਸ਼ੱਜੂ ॥

ਚੱਲ ਜੋਗੀਆ ਰਬਦਾ ਵਾਸਤਾਈ ਅਸੀਂ ਮਰਦ ਨੂੰ ਮਰਦ ਲਲਕਾਰਨੇ ਹਾਂ ॥ ਜੋ ਕੁਛ ਸਰੇ ਸੋ ਨਜ਼ਰ ਲੈ ਪੈਰ ਪਕੜਾਂ ਜਾਨ ਮਾਲ ਤੇਰੇ ਉਤੋਂ ਵਾਰਨੇਹਾਂ ॥ ਪਿਆਕੱਲਦਾ ਰੋੜਮਾਂ ਸਭ ਰੋਂਦਾ ਅਸੀ ਕਾਂਗਤੇ ਮੋਰ ਉਡਾਰਨੇਹਾਂ ॥ ਹੱਥ ਜੋੜਕੇ ਜੋਗੀਆ ਬੇਨਤੀਓਇ ਅਸੀਂ ਆਜਜ਼ੀ ਨਾਲ ਪੁਕਾਰਨੇਹਾਂ ॥ ਹੋਰ ਸੱਦਿਆਮਾਲਦੇਸਾਂਭਨੇਨੂੰ ਤੇਰੀਆਂ ਕੁਦਰਤਾਂਤੋਂ ਅਸੀ ਵਾਰਨੇ ਹਾਂ ॥ ਵਾਰਸਸ਼ਾਹ ਵਿਸਾਹ ਕੀ ਦੰਮਦਾਈ ਐਵੇਂ ਗਾਇਗਾਂ ਉਮਰ ਨੂੰ ਹਾਰਨੇ ਹਾਂ ॥

॥ ਆਵਨਾ ਸ਼ੱਜ ਦੇ ਨਾਲ ਜੋਗੀ ਦਾ ॥

ਜੋਗੀ ਚਲਿਆ ਰੂਹਦੀ ਕਲਾਹੱਲੀ ਤਿੱਤਰ ਬੋਲਿਆ ਸ਼ਗਨ ਮਨਾਵਨੇਨੂੰ ॥ ਐਤਵਾਰ ਨਾਪੁਛਿਆਖੇੜਿਆਂਨੇ ਜੋਗੀ ਆਂਦਾ ਨੇ ਸੀਸਮੁਨਾਵਣੇਨੂੰ ॥ ਵੇਖੋ ਅਕਲ ਸ਼ਊਰ ਸਭ ਮਾਰਿਆ ਨੇ ਤਾਮਾਂ ਬਾਜ਼ ਦੇ ਹੱਥ ਫੜਾਵਣੇ ਨੂੰ ॥ ਭੁੱਖਾ ਖੰਡ ਤੇ ਖੀਰ ਦਾ ਹੋਇਆ ਰਾਖਾ ਰੰਡਾ ਘੱਲਿਆ ਸਾਕ ਕਰਾਵਨੇ ਨੂੰ ॥ ਦੁਧ ਕਾੜ੍ਹਨੀ ਕਾੜ੍ਹ ਤਿਆਰਕੀਤਾ ਬਿੱਲੀ ਰੱਖੀਆ ਜੂਹੇਹਟਾਵਣੇ ਨੂੰ ॥ ਬੇੜੀ ਕਾਗਤਾਂ ਦੀ ਬਾਂਦਰ ਮੇਉ ਹੋਯਾ ਸ਼ਹੁ ਦਰਿਯਾਉ ਤੋਂ ਪਾਰ ਲੰਘਾਵਣੇਨੂੰ ॥ ਸੱਪਮਕਰਦਾ ਹੀਰਦੇ ਪੈਰ ਲੜਿਆ

ਆਇਆ ਮਾਂਦਰੀ ਖੇਲ ਕਰਾਵਣੇ ਨੂੰ॥ ਰਾਖਾ ਜਦਾਂ ਦੇ ਖੇਤ ਦਾ ਗਧਾ ਹੋਇਆ ਅੰਨ੍ਹਾਂ ਆਇਆ ਹਰਫ਼ ਲਿਖਾਵਣੇ ਨੂੰ॥ ਨੀਤ ਸਾਫ਼ ਕਰਕੇ ਉਨ੍ਹਾਂ ਸੱਦ ਆਂਦਾ ਆਇਆ ਜੋਗੀੜਾ ਰੈਨ ਖਿਸਕਾਵਣੇ ਨੂੰ ॥ ਓਨਾਂ ਸੱਪ ਦਾ ਮਾਂਦਰੀ ਸਦ ਆਂਦਾ ਸਗੋਂ ਆਇਆ ਆਈ ਸੱਪ ਲੜਾਵਣੇ ਨੂੰ ॥ ਵਸਦੇ ਝੁਗੜੇ ਚੌੜ ਕਰਾਵਣੇ ਨੂੰ ਮੁੱਢੋਂ ਪਟਕੇ ਬੂਟਾ ਲੈ ਜਾਵਣੇ ਨੂੰ॥ ਵਾਰਸ ਬੰਦਗੀ ਵਾਸਤੇ ਘੱਲਿਆ ਤੀ ਆਣ ਲੱਗਾ ਈ ਪੇਹਨਣੇ ਖਾਵਣੇ ਨੂੰ ॥

॥ ਕਲਾਮ ਕੁੜੀਆਂ ॥

ਭਲਾ ਹੋਇਆ ਭੈਣੋਂ ਹੀਰ ਬਚੀ ਜਾਨੋਂ ਮਨ ਮੰਨੇ ਦਾ ਵੈਦ ਹੁਣ ਆਇਆ ਆਈ ॥ ਦੁਖ ਦਰਦ ਗਏ ਸਭ ਹੀਰ ਵਾਲੇ ਕਾਮਲ ਵਲੀ ਨੇ ਫੇਰਜ਼ਾ ਪਾਇਆ ਆਈ ॥ ਜੇਹੜਾ ਛੱਡ ਚਉਧਰਾਈਆਂ ਚਾਕ ਹੋਇਆ ਡਾਢਾ ਉਸਨੇ ਜੋਗ ਕਮਾਇਆ ਆਈ ॥ ਜੇਂਦੀ ਫੈਜ਼ਲੀ ਦੇ ਵਿੱਚ ਲਖ ਮੰਤਰ ਏਹ ਅੱਲਾਨੇ ਮੇਲ ਮਿਲਾਇਆ ਆਈ ॥ ਸ਼ਾਖ਼ ਰੰਗ ਬਰੰਗ ਦੀ ਹੋਇ ਪੈਂਦਾ ਸਾਵਣ ਮਾਹ ਜਿਉਂ ਮੀਂਹ ਵਸਾਇਆ ਆਈ ॥ ਵਾਹੁ ਵਾਹੁ ਏਹ ਰੰਗ ਹੁਣ ਖ਼ੂਬ ਬਣਿਆ ਸਹੁਰਾ ਹੀਰ ਦਾ ਆਪ ਲੈ ਆਇਆ ਆਈ ॥ ਨਾਲੇ ਹੀਰ ਤੇ ਸਹਿਤੀ ਤੇ ਰੱਬ ਤੁਠਾ ਜੋਗੀ ਦਿਲਾਂ ਦਾ ਮਾਲਕ ਆਇਆ ਆਈ ॥ ਦੁਹਾਂ ਦਿਲਾਂ ਦੀ ਹੋਈ ਮੁਰਾਦ ਹਾਸਲ ਧੁੰਮਾਂ ਉਸ ਚਰੇ ਕਲਾ ਲਾਇਆ ਆਈ ॥ ਉਸ ਦੀ ਫੁਰੀ ਕਲਾਮ ਅਜ ਖੇੜਿਆਂ ਤੇ ਅਜ ਇਸ਼ਕ ਨੇ ਅਸਰ ਕਰਾਇਆ ਆਈ ॥ ਮਹਿਮਾਨ ਜਿਉਂ ਆਂਦਾ

ਲੈ ਨਵਹੁਟੀਅੱਗੋਂ ਸਹੁਰਿਆਂ ਪਲੰਘ ਵਛਾ ਇਆਈ। ਵੀਰਾਂ ਰਾਧ
ਕੋਈ ਏਥੇ ਵਡਾ ਹੋਸੀ ਜੋਗੀ ਧੂੜ ਭੁਲਾਵੜਾ ਆਇਆਈ ॥
ਮੰਤਰ ਇਕ ਤੇ ਪੁਤਲੀਆਂ ਵੁਹਿ ਉਡਨ ਅੱਲਾਵਾਲਿਆਂ ਖੇਲ
ਰਚਾਇਆਈ॥ ਖਿਸਕੂ ਸ਼ਾਹ ਹੋਰੀਂ ਘਰੀਂ ਆਇ ਵੜੇ ਤੰਬੂ
ਆਨ ਉਧਾਲੂਆਂ ਲਾਇਆਈ ॥ ਧੂਆਂ ਲਾਇ ਬੈਠਾ ਜੋਗੀ
ਮੁੰਦਰਾਂ ਦਾ ਅਜ ਖੇੜਿਆਂ ਨੇ ਖੈਰ ਪਾਇਆਈ ॥ ਕੱਖੋਂ ਲੱਖ
ਕਰਦੇ ਦਾਹੇ ਆਪ ਸਾਹਿਬ ਦੁਖ ਹੀਰ ਦਾ ਸਭ ਗਵਾਇਆਈ
॥ ਏਨਾਂ ਸਿਕਦਿਆਂ ਦੀ ਦੁਆਇ ਰੱਬ ਸੁਣੀ ਓਸ ਵਹੁਟੜੀ ਦਾ
ਯਾਰ ਆਇਆਈ ॥ ਭਲਾ ਹੋਇਆ ਜਾਂ ਕਿਸੇ ਦੀ ਆਸ ਪੁੰਨੀ
ਰੱਬ ਵਿੱਛੜਿਆ ਯਾਰ ਮਿਲਾਇਆਈ ॥ ਸਹਿਤੀ ਆਪਨੇ ਹੱਥ
ਇਖਤਿਆਰ ਕਰਕੇ ਡੇਰਾ ਭੂਮਾਂ ਦੇ ਕੋਠੜੇ ਪਾਇਆਈ ॥ ਰੰਨਾਂ
ਮੋਹ ਕੇ ਲੈਣ ਸ਼ਹਜ਼ਾਦਿਆਂ ਨੂੰ ਵੇਖੋ ਇਹ ਫਤਰਾ ਕੌਣ ਬਣਾਇਆਈ
॥ ਆਪੇ ਧਾੜਵੀ ਦੇ ਹੱਥ ਮਾਲ ਦਿਤਾ ਪਿਛੋਂ ਅਹਿਮਕਾਂ ਢੋਲ
ਵਜਾਇਆਈ ॥ ਭਲਕ ਏਥੇ ਨਾ ਹੋਵਸਨ ਦੋਵੇਂ ਕੁੜੀਆਂ ਸਾਨੂੰ
ਸ਼ਗਨ ਏਹਾ ਨਜ਼ਰ ਆਇਆਈ॥ ਵਾਰਸ ਸ਼ਾਹ ਸ਼ੈਤਾਨ ਬਦਨਾਮ
ਕਰਕੇ ਲੂਣ ਥਾਲੀ ਦੇ ਵਿਚ ਭਨਾਇਆਈ ॥

॥ ਕਲਾਮ ਕੁੜੀਆਂ ॥

ਕੁੜੀਆਂ ਜਾਇਕੇ ਆਖਿਆ ਹੀਰ ਤਾਈਂ ਅਨੀ ਵਹੁਟੀਏ ਅੱਜ
ਵਧਾਈਏਂ ਨੀ॥ ਮਿਲੀ ਆਬਹਯਾਤ ਪਿਆਸਿਆਂ ਨੂੰ ਹਿੱਸੇ
ਜੋਗੀਆਂ ਦੇ ਵਿੱਚ ਆਈਏਂ ਨੀ॥ ਤੇਰੀ ਦੋਸ਼ਖਾਂ ਦੀ ਆਂਚ ਦੂਰ

ਹੋਈ ਰੱਬਵਿੱਚ ਬਹਿਸ਼ਤ ਦੇ ਪਾਈਏਂ ਨੀ॥ ਜੋੜੀ ਰੱਬ ਨੇ ਮੇਲ
ਕੇ ਤਾਰੀਏ ਤੂੰ ਮੋਤੀ ਲਾਲ ਦੇ ਨਾਲ ਪੁਰਾਈਏਂ ਨੀ॥ ਵਾਰੇਸ਼ਾਹ
ਕਹੁ ਹੀਰ ਦੀ ਸੱਸ ਤਾਈਂ ਅੱਜ ਰੱਬ ਨੇ ਚਉੜ ਕਰਾਈਏਂ ਨੀ॥

॥ ਕਲਾਮ ਜੋਗੀ ॥

ਜੋਗੀ ਆਖਿਆ ਫਿਰੇ ਨਾ ਮਰਦ ਔਰਤ ਪਵੇ ਕਿਸੇ ਦਾ ਨਹੀਂ
ਪਰਛਾਂਵੜਾ ਓਇ॥ ਕਰਾਂ ਬੈਠ ਨਵੇਕਲੇ ਜਤਨ ਗੋਸ਼ੇ ਕੋਈ ਨਹੀਂ
ਐਥੇ ਖਿੜਦ ਪਾਵਣਾ ਓਇ॥ ਕੰਨ ਸੰਨ ਵਿਚ ਵਹੁਟੜੀ ਆਨ ਪਾਵੇ
ਨਹੀਂ ਧੂੰਮ ਤੇ ਸ਼ੋਰ ਮਚਾਵਣਾ ਓਇ॥ ਇਕੋ ਆਦਮੀ
ਆਵਣਾ ਮਿਲੇ ਸਾਥੇ ਔਖਾ ਸੱਪ ਦਾ ਰੋਗ ਗਵਾਵਣਾ ਓਇ॥
ਕੁਆਰੀ ਕੁੜੀ ਦਾ ਨਹੀਂ ਵਿਚਾਰ ਰਖੋ ਹੋਰ ਨਹੀਂ ਏਥੇ ਕਿਸੇ
ਆਵਣਾ ਓਇ॥ ਸੱਪ ਨੱਸ ਜਾਏ ਛਾਲ ਮਾਰ ਜਾਏ ਖਰਾ
ਔਖੜਾ ਉਸ ਦਾ ਆਵਣਾ ਓਇ॥ ਲਿਖੀ ਸੱਤਮੇ ਵਾਰ ਕੁਰਾਨ
ਆਇਤ ਨਹੀਂ ਛੱਡ ਨਮਾਜ਼ ਪਛਤਾਵਣਾ ਓਇ॥ ਵਾਰਸਸ਼ਾਹ
ਵੇਲਾ ਹੁਣ ਖੈਰ ਖੀਦਾ ਵੱਤ ਨਹੀਂ ਜਹਾਨ ਤੇ ਆਵਣਾ ਓਇ॥

॥ ਕਲਾਮ ਸ਼ਾਇਰ ॥

ਸ਼ਹਿਰੋਂ ਬਾਹਰ ਝੁੰਮਾਂਵਾਲਾ ਕੋਠੜਾ ਸੀ ਉਥੇ ਵਿੱਛਾਨੇ ਪਲੰਘ
ਵਿਛਾਇਕੇ ਤੇ॥ ਸਹਿਤੀ ਕੁੜੀ ਨੂੰ ਸੱਦ ਕੇ ਸਉਂਪਿਓ ਨੇ ਮੰਜੀ
ਵਿਚ ਦਲਾਨ ਦੇ ਪਾਇਕੇ ਤੇ॥ ਜੋਗੀ ਪਲੰਘ ਦੇ ਪਾਸ ਬਹਾਲਕੇ
ਤੇ ਆਪ ਬੈਠਾ ਹੈ ਸਗਨ ਮਨਾਇਕੇ ਤੇ॥ ਨਾਢੂ ਸ਼ਾਹ ਦਾ ਬੇਟੜਾ
ਮਸਤ ਆਸ਼ਕ ਹੋਇਆ ਕੋਲ ਮਾਸ਼ੂਕ ਬਹਾਇਕੇ ਤੇ॥ ਬੇੜੇ

ਆਪਣੇ ਘਰੀਂ ਬੇਫਿਕਰ ਸੁੱਤੇ ਤਾਂਬਾ ਖ਼ਾਜ਼ਦੇ ਹੱਥ ਫੜਾਇਕੇ ਤੇ
॥ ਜਿਰਤੇ ਹੋਵਨੀ ਆਇਕੇ ਗੋਇ ਝੱਪੀ ਚੁਟਕੀ ਮਾਰਕੇ ਹੱਥ
ਵਜਾਇਕੇ ਤੇ ॥ ਓਹ ਖੋਹ ਸਿਰ ਘਤਕੇ ਪਿੱਟਣਾ ਹੈ ਜਿਸ
ਵਿਆਹ ਆਂਦੀ ਪਰਨਾਇ ਕੇਤੇ ॥ ਵਾਰਸਸ਼ਾਹ ਹੁਣ ਤਿਨਾਂ ਨੇ
ਵੈਨ ਕਰਨੇ ਜਿਨਾਂ ਵਿਆਹੀਆਂ ਘੋੜੀਆਂ ਗਾਇਕੇ ਤੇ ॥

॥ਯਾਦ ਕਰਦਾ ਹੈ ਰਾਂਝਾ ਪੰਜਾਂ ਪੀਰਾਂ ਨੂੰ ॥

ਰਾਂਝਾ ਕੋਠੜੀ ਦੇ ਵਿਚ ਤੰਗ ਹੋਇਆ ਦਿਲ ਓਸਦਾ ਅੰਦਰੋਂ
ਡੋਲਿਆਈ ॥ ਸ਼ਕਰ ਗੰਜਦਾ ਪਕੜ ਰੁਮਾਲ ਚੁੰਮੇ ਮੁੰਦਰਾ
ਲਾਲ ਸ਼ਾਹਬਾਜ਼ ਦਾ ਤੋਲਿਆਈ ॥ ਖੰਜਰ ਕੱਢ ਮਖ਼ਦੂਮ
ਜਲਾਲੀਏ ਦਾ ਵਿੱਚੋਂ ਰੂਹ ਰੰਝੇਟੇ ਦਾ ਡੋਲਿਆਈ ॥ ਖੂੰਡੀ ਸੱਯਦ
ਜਲਾਲ ਬੁਖਾਰੀਏ ਦੀ ਵਿੱਚੋਂ ਮੁਸ਼ਕ ਤੇ ਅਤਰ ਨੂੰ ਫੋਲਿਆਈ ॥
ਪੀਰ ਬਹਾਵਦੀਨ ਜ਼ਿਕਰੀਏ ਧਮਕ ਦਿੱਤੀ ਕੰਧ ਢਾਹਕੇ ਰਾਹ
ਨੂੰ ਖੋਲ੍ਹਿਆਈ ॥ ਵਿਚ ਜਗ ਦੇ ਏਹ ਦਲੀਲ ਆਵੇ ਕਿਸੇ ਮਤਾ
ਪੁਛਾਇਏ ਹਟੋਲਿਆਈ ॥ ਜਾਹ ਬੈਠਾ ਹੈਂ ਕਾਸ ਨੂੰ ਉਠ ਜੱਟਾ
ਸਈਂ ਨਹੀਂ ਤੇਰਾ ਕੰਮ ਖੋਲ੍ਹਿਆਈ ॥ ਵਾਰਸਸ਼ਾਹ ਪਛਤਾਵੇਂਗਾ
ਬੰਦਗੀ ਨੂੰ ਅਜ਼ਰਾਈਲ ਜਦ ਪੌਣ ਤੇ ਬੋਲਿਆਈ ॥

॥ ਕਲਾਮ ਸਹਿਤੀ ॥

ਨਿਕਲ ਕੋਠਿਓਂ ਤੁਰਤ ਤਿਆਰ ਹੋਇਆ ਸਹਿਤੀ ਆਨ ਹਜ਼ੂਰ
ਸਲਾਮ ਕੀਤਾ ॥ ਬੇੜਾ ਲਾਇ ਬੰਨੇ ਅਸਾਂ ਆਜਜ਼ਾਂ ਦਾ ਰੱਬ
ਫ਼ਜ਼ਲ ਤੇਰੇ ਉੱਤੇ ਆਮ ਕੀਤਾ ॥ ਮੇਰਾ ਯਾਰ ਮਿਲਾਵਣਾ

ਵਾਸਤਾਈ ਅਸਾਂ ਕੰਮ ਤੇਰਾ ਸਰੰਜਾਮ ਕੀਤਾ ॥ ਭਾਬੀ ਹੱਥ ਫੜਾਇਕੇ ਟੋਰ ਦਿੱਤੀ ਕੰਮ ਖੇੜਿਆਂ ਦਾ ਅਸਾਂ ਖ਼ਾਮ ਕੀਤਾ ॥ ਤੇਰੇ ਵਾਸਤੇ ਮਾਪਿਆਂ ਨਾਲ ਕੀਤੀ ਜੋ ਕੁਛ ਅਲੀ ਦੇ ਨਾਲ ਗ਼ੁਲਾਮ ਕੀਤਾ ॥ ਜੋ ਕੁਛ ਹੋਵਣੀ ਸੀਤਾ ਦੇ ਨਾਲ ਕੀਤੀ ਅਤੇ ਦਹਿਸਰੇ ਨਾਲ ਜੋ ਰਾਮ ਕੀਤਾ ॥ ਵਾਰਸ ਸ਼ਾਹ ਜਿਸ ਤੇ ਰੱਬ ਮਿਹਰ ਕਰਸੀ ਉਥੇ ਰਾਂਝੇ ਹੀ ਜਾਇ ਮੁਕਾਮ ਕੀਤਾ ॥

॥ ਅਸੀਸ ਜੋਗੀ ॥

ਰਾਂਝੇ ਹੱਥ ਉਠਾਇ ਦੁਆਇ ਮੰਗੀ ਰੱਬਾ ਮੇਲਣਾ ਯਾਰ ਗੁਆਰਨੀ ਦਾ ॥ ਏਸ ਹੁਬ ਦੇ ਨਾਲ ਹੈ ਕੰਮ ਕੀਤਾ ਬੇੜਾ ਪਾਰ ਕਰਨਾ ਕੰਮ ਸਾਰਨੀ ਦਾ ॥ ਪੰਜਾਂ ਪੀਰਾਂ ਦੀ ਤੁਰਤ ਆਵਾਜ਼ ਹੋਈ ਰਬਾ ਯਾਰ ਮੇਲੀਂ ਏਸ ਯਾਰਨੀ ਦਾ ॥ ਰੱਬ ਫ਼ਜ਼ਲ ਕੀਤਾ ਯਾਰ ਆਇ ਮਿਲਿਆ ਉਸ ਸ਼ਾਹ ਮੁਰਾਦ ਪੁਕਾਰਨੀ ਦਾ ॥ ਵਾਰਸ ਸ਼ਾਹ ਰੰਝੇਟੇ ਦੀ ਦੁਆਇ ਕਰਕੇ ਬੇੜਾ ਪਾਰ ਹੋ ਗਿਆ ਸੁਧਾਰਨੀ ਦਾ ॥

॥ ਮੁਰਾਦ ਬਲੋਚ ਆਇਆ ॥

ਡਾਚੀ ਖ਼ਾਨ ਮੁਰਾਦ ਦੀ ਆਇ ਰਿੰਗੀ ਉੱਤੇ ਬੋਲਿਆ ਸਾਈਂ ਸੁਆਰੀਏ ਨੀ ॥ ਸ਼ਾਲਾ ਢੁਕ ਆਂਵੀਂ ਹੁਸ ਢੁਕ ਨੇੜੇ ਆਈ ਚੜ੍ਹੀਂ ਕਦਾਵੇਂ ਤੇ ਡਾਰੀਏ ਨੀ ॥ ਮੇਰੀ ਗਈ ਕਤਾਰ ਕੁਰਾਹ ਘੁੱਥੀ ਕੋਈ ਸੇਹਰ ਕੀਤੋ ਟੂਣੇ ਹਾਰੀਏ ਨੀ ॥ ਵੇਛੇ ਚੋਰ ਦੀ ਪੋਤ੍ਰੀ ਏਹ ਡਾਚੀ ਖਿਨ ਝੋਕ ਪਲਾਣੇ ਤੇ ਲਾੜੀਏ ਨੀ ॥ ਵਾਰਸ ਸ਼ਾਹ ਬਹਿਸ਼ਤ ਦੀ ਮੋਰਨੀ ਨੂੰ ਕਿਸੇ ਫ਼ਰੇਸ਼ਤੇ ਉਠ ਤੇ ਚਾੜ੍ਹੀਏ ਨੀ ॥

॥ ਕਲਾਮ ਸ਼ਾਇਰ ॥

ਸਹਿਤੀ ਲਈ ਮੁਰਾਦ ਤੇ ਹੀਰ ਰਾਂਝੇ ਰਵਾਂ ਹੋਇ ਚਲੇ ਲਾੜੇ ਲਾੜੀਆਂ ਨੀ ॥ ਆਪੋ ਆਪ ਗਏ ਲੈਕੇ ਵਾਹੋਦਾਹੀ ਜਿਉਂ ਸ਼ਾਖਿਆਣਨੇ ਤ੍ਰਿੰਞੀਆਂ ਪਾੜੀਆਂ ਨੀ ॥ ਰਾਤੋ ਰਾਤ ਲੰਘ ਗਏਨੀ ਵਾਂਗ ਕੂੰਜਾਂ ਸਿਰੀਆਂ ਨਾਗਾਂ ਦੀਆਂ ਸ਼ੀਹਾਂ ਲਤਾੜੀਆਂ ਨੀ ॥ ਫਜਰ ਹੋਈ ਕਿਰਾਊਆਂ ਨੇ ਗੱਜ ਕੀਤਾ ਵੇਖੋ ਖੇੜਿਆਂ ਵਾਹਰਾਂ ਚਾੜ੍ਹੀਆਂ ਨੀ ॥ ਰੰਨਾਂ ਖਚਰੀਆਂ ਕੁੰਡੀਆਂ ਲੁੰਡੀਆਂ ਨੇ ਅਸੀ ਖੁਆਰ ਕੀਤੇ ਪੀਰਾਂ ਮਾਰੀਆਂ ਨੀ ॥ ਜੜ੍ਹਾਂ ਦੀਨ ਈਮਾਨਦੀ ਪੁਟਣੇ ਨੂੰ ਏਹ ਮਿਹਰੀਆਂ ਤੇਜ ਕਟਾਰੀਆਂ ਨੀ ॥ ਜਿਨ੍ਹਾਂ ਮਰਦਾਂ ਬਿਗਾਨੜੀ ਨਾਰ ਰਾਵੀਂ ਮਿਲਨ ਦੋਜ਼ਖਾਂ ਤਾਉ ਲਕਾੜੀਆਂ ਨੀ ॥ ਵਾਰਸਸ਼ਾਹ ਨਾਈਆਂ ਨਾਲ ਸੀਗ ਬੱਧਾ ਖੇੜਿਆਂ ਕੱਲ੍ਹ ਮੁਨਾਇਕੇ ਦਾੜ੍ਹੀਆਂ ਨੀ ॥

॥ ਲੋਕਾਂ ਹਾਲ ਚਾਲ ਕੀਤੀ ॥

ਇਕ ਜਾਣ ਭੈਣੇ ਬਹੁਤ ਨਾਲ ਖੁਸ਼ੀਆਂ ਭਲਾ ਹੋਇਆ ਫਕੀਰ ਦੀ ਆਸ ਹੋਈ ॥ ਇਕ ਜਾਨ ਰੋਂਦੇ ਜੂਹ ਖੇੜਿਆਂ ਦੀ ਅੱਜ ਵੇਖੋ ਤੇ ਕੌੜ ਨਿਰਾਸ਼ ਹੋਈ ॥ ਇਕ ਲੈਨ ਦੇਈਜਕਾਂ ਜਾਣ ਭੈਣੇ ਸਾਰੇ ਜੋਗੀਆਂ ਦੀ ਪੂਰੀ ਆਸ ਹੋਈ ॥ ਇਕ ਲਈ ਡੇ ਠੈਰੋ ਜਾਣ ਭੈਣੇ ਸਾਂ ਪਈਸੀ ਹੀਰ ਉਦਾਸ ਹੋਈ ॥ ਇਕ ਚੁਤਰ ਵਜਾਇਕੇ ਫਿਰਨ ਭਉਂਦੇ ਜੋ ਮੁਰਾਦ ਫਕੀਰਾਂ ਦੀ ਰਾਸ ਹੋਈ ॥ ਵਾਰਸਸ਼ਾਹ ਜੀ ਮੁਠਿਆਂ ਛਿੱਲ ਲੱਥੀ ਜਦੋਂ ਉਸ ਕੋਲੇ

ਨਾਲ ਖਰਾਸ਼ ਹੋਈ ॥

॥ ਵਾਹਰ ਮਿਲੀ ॥

ਪਹਿਲੇ ਮਿਲੀ ਮੁਰਾਦ ਨੂੰ ਜਾਇ ਵਾਹਰ ਅੱਗੋਂ ਕਟਕ ਬਲੋਚਾਂ ਦੇ ਝਾੜ ਦਿੱਤੇ ॥ ਪਕੜ ਤਰਕਸਾਂ ਅਤੇ ਕਮਾਨ ਦੋਵੇਂ ਖੇਚੇ ਨਾਲ ਹਥਿਆਰਾਂ ਦੇ ਮਾਰ ਦਿੱਤੇ ॥ ਮਾਰ ਬਰਛੀਆਂ ਦੌੜ ਬਲੋਚ ਕੜਕਨ ਤੇਗਾਂ ਮਾਰਕੇ ਵਾਹਰੂ ਝਾੜ ਦਿੱਤੇ ॥ ਮਾਰ ਮਾਰਕੇ ਮੋਰਚੇ ਭੰਨ ਦਿੱਤੇ ਮਾਰ ਝਾੜਕੇ ਪਿੰਡ ਵਿੱਚ ਵਾੜ ਦਿੱਤੇ ॥ ਵਾਰੇ ਸ਼ਾਹ ਜਾਂ ਰਬ ਨੇ ਮੇਹਰ ਕੀਤੀ ਬਦਲ ਮੋਹਰ ਦੀ ਨਜ਼ਰ ਦੇ ਚਾੜ੍ਹ ਦਿੱਤੇ ॥

॥ ਵਾਹਰ ਉਥੋਂ ਚਲਕੇ ਰਾਂਝੇ ਨੂੰ ਮਿਲੀ ॥

ਦੂਜੀ ਵਾਹਰ ਰੰਝੇਟੇ ਨੂੰ ਜਾਇ ਮਿਲੀ ਸੁੱਤਾ ਵਿੱਚ ਉਜਾੜ ਦੇ ਘੇਰਿਓਨੇ ॥ ਡੰਡੇ ਮਾਰਕੇ ਬਰਛੀਆਂ ਫੇਰਦੇ ਨੀ ਘੋੜੇ ਵਿਚ ਮੈਦਾਨ ਦੇ ਫੇਰਿਓਨੇ ॥ ਸਿਰ ਹੀਰ ਦੇ ਪੱਟ ਦਾ ਤੇ ਰਖ ਸੁੱਤਾ ਸੱਪ ਮਾਲ ਤੋਂ ਆਨਕੇ ਛੇੜਿਓਨੇ ॥ ਹੀਰ ਪਕੜ ਲਈ ਰਾਂਝਾ ਕੈਦ ਕੀਤਾ ਦੇਖੋ ਜੋਗੀ ਨੂੰ ਆਨ ਖਦੇੜਿਓਨੇ ॥ ਲਾਹ ਸੇਲ੍ਹੀਆਂ ਛੀਨ ਕੇ ਹਥ ਦੋਵੇਂ ਪਿੰਡਾ ਚਾਬਕਾਂ ਨਾਲ ਉਧੇੜਿਓਨੇ ॥ ਵਾਰੇ-ਸ਼ਾਹ ਫਕੀਰ ਅਲਾਹ ਦੇ ਨੂੰ ਮਾਰ ਮਾਰਕੇ ਖੂਬ ਉਚੇੜਿਓਨੇ ॥

॥ ਕਲਾਮ ਹੀਰ ॥

ਹੀਰ ਆਖਿਆ ਸੁਤੇ ਸੋ ਸਭ ਮੁੱਠੇ ਨੀਂਦ ਮਾਰਿਆ ਰਾਜਿਆਂ ਰਾਣਿਆਂ ਨੂੰ ॥ ਨੀਂਦ ਨਬੀ ਤੇ ਗੌਸ ਤੇ ਕੁਤਬ ਮਾਰੇ ਰੋਂਦੇ ਬੈਠੇ ਨੀ ਵਕਤ ਵਿਹਾਣਿਆਂ ਨੂੰ ॥ ਨੀਂਦ ਸ਼ੇਰ ਤੇ ਦੇਵ ਇਮਾਮ ਕੁੱਠੇ

ਨੀਂਦ੍ਰ ਮਾਰਦੀ ਉਗਉਗੇਰਿਆਂ ਨੂੰ ॥ ਸੁਤੇ ਜੇਈ ਵਿਗੁਤੇ ਅਧੀਮ
ਵਾਂਗੂੰ ਗਾਲਣੀ ਨੀਂਦ੍ਰ ਹੈ ਦੇਵ ਰਿਸ਼ਾਨਿਆਂ ਨੂੰ ॥ ਨੀਂਦ੍ਰ ਭੱਠਨੂ ਕਾਜ
ਸਿਲੇਮਾਨ ਤਾਈਂ ਨੀਂਦ੍ਰ ਵੇਂ ਦੀਹੁੜਾਇ ਵਿਕਾਨਿਆਂ ਨੂੰ ॥ ਨੀਂਦ੍ਰ
ਪੁਤ੍ਰ ਯਾਕੂਬ ਦਾ ਖੂਹ ਪਾਇਆ ਸੁਣਿਆ ਹੋਸੀਆ ਯੂਸਫ਼
ਜੇਵਾਨਿਆਂ ਨੂੰ ॥ ਨੀਂਦ੍ਰ ਜਿਬਹ ਕੀਤਾ ਇਸਮਾਈਲ ਤਾਂਈ
ਯੂਨਸ ਪੇਟ ਮਛੀ ਵਿੱਚ ਆਣਿਆਂ ਨੂੰ ॥ ਨੀਂਦ੍ਰ ਵੇਖ ਜੋ ਸੱਸੀ ਨੂੰ
ਵਖ਼ਤ ਪਾਇਆ ਫਿਰਦੀ ਢੂੰਡਦੀ ਬਾਰ ਵਿਕਾਣਿਆਂ ਨੂੰ ॥
ਨੀਂਦ੍ਰ ਫਜਰਦੀ ਕਜ਼ਾ ਨਮਾਜ਼ ਕੀਤੀ ਸ਼ੈਤਾਨ ਵਿੱਤਾ ਤੈਨੂੰ
ਭਾਣਿਆਂ ਨੂੰ ॥ ਰਾਂਝੇ ਹੀਰ ਨੂੰ ਬੰਨ੍ਹ ਲੈ ਤੁਰੇ ਖੇੜੇ ਰੋਵੇਂ ਰੋਂਦੇ ਨੀ
ਵਖ਼ਤ ਵਿਹਾਣਿਆਂ ਨੂੰ ॥ ਸਾਢੇ ਤ੍ਰੈ ਹੱਥ ਮਿਲਖ ਜ਼ਮੀਨ ਤੇਰੀ
ਵਾਰਸ ਵਲੇਂ ਕਿਉਂ ਐਡ ਵਲਾਣਿਆਂ ਨੂੰ ॥

॥ ਹੀਰ ਮਤ ਦਿੰਦੀ ਹੈ ਰਾਂਝੇ ਨੂੰ ॥

ਹਾਇ ਹਾਇ ਮੁੱਠੀ ਅਕਲ ਨਾਹਿ ਲਈਆ ਦਿੱਤੀ ਮੱਤ ਹਜ਼ਾਰ
ਨਿਖੇੜਿਆ ਵੇ ॥ ਵੱਸ ਪਾਇਉਂ ਤੂੰ ਵੈਰੀਆਂ ਸਾਡਿਆਂ ਦੇ ਕੇਹੀ
ਵਾਹ ਹੁਣ ਮੁਸ਼ਕ ਲਪੇਟਿਆ ਵੇ ॥ ਜੇਹੜਾ ਖਿੜਿਆ ਵਿੱਚ
ਜਹਾਨ ਦੇ ਸੀ ਨਹੀਂ ਜਾਂਵਣਾ ਮੂਲ ਸਮੇਟਿਆ ਵੇ ॥ ਰਾਜਾ
ਅਦਲੀ ਤਖ਼ਤ ਤੇ ਰਾਜ ਕਰਦਾ ਖਲੀ ਬਾਂਹ ਕਰ ਕੂਕ ਰੈਬੇਟਿਆ
ਵੇ ॥ ਬਿਨਾਂ ਅਮਲ ਦੇ ਨਹੀਂ ਨਜਾਤ ਤੇਰੀ ਪਿਆ ਮਾਰੀਏਂ
ਕੁਤਬ ਵਿਆ ਬੇਟਿਆ ਵੇ ॥ ਨਹੀਂ ਹੂਰ ਬਹਿਸ਼ਤਣੀ ਹੋਇ
ਜ਼ਿਆਰਾ ਹ ਗਧਾ ਜ਼ਰੀਂਦੇ ਵਿੱਚ ਲਪੇਟਿਆ ਵੇ ॥ ਉਠ ਸੁਹਬਤ

ਫੜਨ ਜਾਂ ਵਡੇ ਸਿਆਣੇ ਜਾਹਰਾਜੇਦੇ ਪਾਸ ਰੰਝੇਟਿਆਵੇ॥
ਵਾਰਸਸ਼ਾਹ ਮੀਆਂ ਲੋਹਾ ਹੋਇ ਸੁਇਨਾ ਜਿਥੇ ਕੀਮੀਆਂ ਦੇ
ਨਾਲ ਫੇਰਿਆ ਵੇ ॥

॥ ਰਾਂਝਾ ਕੂਕਿਆ ॥

ਕੀਤੀ ਕੂਕ ਰਾਜੇ ਅਗੇ ਰਾਂਝਣੇ ਨੇ ਉੱਚੇ ਕੂਕਦਾ ਚਾਂਗਰਾਂ
ਮਾਰਦਾਈ ॥ਬੂਬੂਮਾਰਕੇ ਲਲਕਰਾਂਕਰੇਧੁੰਮਾ ਰਾਜੇਆਖਿਆ
ਸ਼ੋਰ ਏਹਕਾਸਦਾਈ॥ਰਾਂਝੇ ਆਖਿਆ ਰਾਜਿਆ ਚਿਰੀਂਜੀਵੇਂ
ਕਰਮ ਰਬਦਾ ਗਮ ਹੁਣਕਾਸਦਾਈ ॥ ਹੁਕਮ ਮੁਲਖ ਦਿੱਤੇ
ਤੈਨੂੰ ਰੱਬ ਸਦੇ ਤੇਰਾ ਹੁਕਮ ਤੇ ਰਾਜ ਅਰਾਸਤਾਈ ॥ ਤੇਰੀ
ਧਮਕ ਪਵੇਰੂਮਸ਼ਾਮਅੰਦਰਪਾਤਸ਼ਾਹਡਰੇਆਸਪਾਸਦਾਈ ।
ਤੇਰੇ ਰਾਜਵਿਚ ਬਿਨਾਂਤਕਸੀਰਮੁੱਠਾ ਨਾ ਗੁਨਾਹ ਤੇ ਨਾ ਕੋਈ
ਵਾਸਤਾਈ ॥ ਅਸੀਂ ਫ਼ਕਰ ਹਾਂ ਜਗਤ ਥੀਂ ਦੂਰ ਹੱਟੇ ਪੇਟ
ਵਾਸਤੇ ਮਿਲਨਦਾ ਵਾਸਤਾਈ ॥ ਮੱਖੀ ਵਾਸਦੀ ਸ਼ਹਤ ਵਿੱਚ
ਹੋਇ ਨੇੜੇ ਵਾਰਸਸ਼ਾਹ ਏਹ ਜਗਤ ਤਿਉਂ ਵਾਸਦਾਈ ॥

॥ ਰਾਜੇ ਦੇ ਆਦਮੀ ਆਏ ॥

ਰਾਜੇ ਹੁਕਮਕੀਤਾ ਚੜ੍ਹੀ ਫ਼ੌਜ ਬਾਂਕੀ ਰਾਹ ਵਿਚ ਜਾ ਘੇਰਿਆ
ਖੇੜਿਆਂਨੂੰ॥ ਤੁਸੀ ਹੋਇ ਸਿੱਧੇ ਚਲੋ ਪਾਸ ਰਾਜੇ ਛੱਡ ਦੇਹੋਖਾਂ
ਝੂਠਿਆਂ ਝੇੜਿਆਂ ਨੂੰ ॥ ਰਾਜੇ ਆਖਿਆ ਚੋਰ ਨਾ ਜਾਣ ਦੇਉ
ਖੂਬ ਦੇਇਕੇਦਬਵਦਬੇੜਿਆਂਨੂੰ ॥ ਕੈਨੂ ਖੜਾਂਗੇ ਇਕੇ ਤਾਂ ਚਲੋ
ਆਪੇ ਨਹੀਂ ਜਾਣਦੇ ਅਸੀ ਬਖੇੜਿਆਂ ਨੂੰ ॥ ਪਕੜ ਵਿੱਚ

ਪਹੁੰਚਦੇ ਲਿਆਉ ਹਾਜ਼ਰ ਰਾਹਜ਼ਨਾਂ ਤੇ ਖੇੜਿਆਂ ਭੇੜਿਆਂ ਨੂੰ॥ ਵਾਰਸਸ਼ਾਹ ਉਦ ਸੂਰਜਾਂ ਗ੍ਰਹਨ ਲੱਗੇ ਓਹ ਭੀ ਫਾਹੇ ਨੇ ਆਪਣਿਆਂ ਫੇੜਿਆਂ ਨੂੰ ॥

॥ ਰਾਂਝੇ ਦੇ ਪਾਸ ਖੇੜਿਆਂ ਨੂੰ ਲਿਆਏ ॥

ਖੇੜੇ ਰਾਜੇ ਦੇ ਆਨ ਹਜ਼ੂਰ ਕੀਤੇ ਸੂਰਤ ਬਣੇ ਨੀ ਆਨ ਫਰਯਾਦੀਆਂ ਦੇ॥ਰਾਂਝੇ ਆਖਿਆ ਏਹ ਲੈ ਚਲੇ ਨੱਢੀ ਏਹ ਖੋਹ ਹਜ਼ੂਰ ਬਹੇ ਬੇਦਾਦੀਆਂ ਦੇ ॥ ਮੈਥੋਂ ਖੋਹ ਫ਼ਕੀਰਨੀ ਉਠ ਨੱਠੇ ਜਿਵੇਂ ਪੀਸਿਆਂ ਨੂੰ ਧੂਮ ਸ਼ਾਦੀਆਂ ਦੇ ॥ ਮੇਰਾ ਨਿਆਉਂ ਤੇਰੇ ਅੱਗੇ ਹੋਸ ਸਾਹਿਬ ਏਹ ਬੜੇ ਦਰਬਾਰਨੀ ਆਦੀਆਂ ਦੇ ॥ ਲੰਮੀਆਂ ਦਾੜ੍ਹੀਆਂ ਪਗੜੀਆਂ ਵੇਖ ਭੁਲੇ ਏਹ ਸ਼ੈਤਾਨ ਨੇ ਅੰਦਰੋਂ ਵਾਦੀਆਂ ਦੇ ॥ ਵਾਰਸ ਬਾਹਰੋਂ ਸੋਹਣੇ ਤੇ ਸਿਆਹ ਅੰਦਰ ਤੰਬੂ ਹੋਣ ਜਿਵੇਂ ਮਾਲ ਜ਼ਾਦੀਆਂ ਦੇ ॥

॥ ਫਰਯਾਦ ਕਰਦੇ ਨੇ ਖੇੜੇ ਪਾਸ ਰਾਜੇ ਦੇ ॥

ਖੇੜਿਆਂ ਜੋੜਕੇ ਹੱਥ ਫਰਯਾਦ ਕੀਤੀ ਨਹੀਂ ਵਕਤ ਏ ਜ਼ੁਲਮ ਕਮਾਂਵਨੇ ਦਾ ॥ ਏਹ ਠੱਗ ਜੋ ਮਾਹੀ ਦਾ ਬੜਾ ਝੂਠਾ ਸਿਹਰ ਜਾਣਦਾ ਸਹਰ ਹੈ ਜਮਾਵਣੇ ਦਾ ॥ ਵੇਹੜੇ ਵੜਦਿਆਂ ਨੱਢੀਆਂ ਮੋਹ ਲੈਂਦਾ ਇਸਥੇ ਇਲਮ ਹੈ ਰੰਨਾਂ ਵਿਲਾਵਣੇ ਦਾ ॥ ਸਾਡੀ ਨੂੰਹ ਨੂੰ ਇਕ ਸੀ ਸੱਪ ਲੜਿਆ ਓਹ ਵਕਤ ਸੀ ਮਾਂਦਰੀ ਲਿਆਵਣੇ ਦਾ ॥ ਰਹਿੰਦੀ ਦੱਸਿਆ ਜੋਗੀੜਾ ਬਾਗ਼ ਕਾਲੇ ਮੰਤਰ ਜਾਣਦਾ ਜ਼ਹਿਰ ਹਟਾਵਣੇ ਦਾ ॥ ਮੰਤ੍ਰ ਝਾੜਨੇ ਨੂੰ ਅਸਾਂ ਸਦ ਆਂਦਾ

ਸਾਨੂੰ ਕੰਮਸੀ ਜਿੰਦ ਛੁਡਾਵਣੇ ਦਾ॥ ਲੈਂਦਾ ਦੁਹਾਂ ਨੂੰ ਰਾਤਵੇ ਰਾਤ ਨੱਠਾ ਦਾਉ ਲੱਧੋਸੁ ਫੇਰ ਖਿਸਕਾਵਣੇ ਦਾ॥ ਵਿਚੋਂ ਚੋਰ ਤੇ ਬਾਹਰੋਂ ਸਾਧ ਦਿਸੇ ਇਸਕੇ ਵਲ ਹੈ ਭੇਸ ਵਟਾਵਣੇ ਦਾ॥ ਹਾਜੇ ਚੋਰ ਤੇ ਯਾਰਾਂ ਨੂੰ ਮਾਰ ਦੇਨੀ ਸੂਲੀ ਰਸਮ ਹੈ ਚੋਰ ਚੜ੍ਹਾਵਣੇ ਦਾ॥ ਭਲਾ ਕਰੋ ਜੇ ਏਸਨੂੰ ਮਾਰ ਸੁੱਟੋ ਵਕਤ ਆਇਆ ਹੈ ਚੋਰ ਮੁਕਾਵਣੇ ਦਾ॥ ਬਾਦਸ਼ਾਹ ਨੂੰ ਅਦਲ ਹੀ ਪੁੱਛੀਏਗਾ ਏਹ ਵਕਤ ਹੈ ਅਦਲ ਕਮਾਵਣੇ ਦਾ॥ ਵਾਰਸ ਕਰੋ ਭੁਸੀ ਸੱਚ ਨਿਆਉਂ ਸਾਡਾ ਹੋਰ ਕਰੋ ਨ ਕੰਮ ਵਿਲਾਵਣੇ ਦਾ॥

॥ ਕਲਾਮ ਰਾਂਝਾ ॥

ਰਾਂਝੇ ਆਖਿਆ ਸੋਹਣੀ ਰੰਨ ਡਿਠੀ ਮਗਰ ਲਗ ਮੇਰੇ ਆਇ ਛੇੜਿਓਨੇ॥ ਨੱਠਾ ਖੇੜ ਤੇ ਸਭੇ ਸਨ ਦੇਸ ਵਾਲੇ ਪਿਛੇ ਆਇ ਅਜ਼ਗੈਬ ਦਾ ਛੇੜਿਓਨੇ॥ ਸਭਨਾਂ ਰਾਜਿਆਂ ਏਨਾਂ ਨੂੰ ਧੱਕ ਦਿੱਤਾ ਤੇਰੇ ਮੁਲਖ ਵਿੱਚ ਆਇਕੇ ਛੇੜਿਓਨੇ॥ ਆਪ ਵਾਰਸੀ ਬਣੇ ਜੇ ਵਹੁਟੜੀ ਦੇ ਮੈਨੂੰ ਮਾਰਕੇ ਚਾਇ ਖਦੇੜਿਓਨੇ॥ ਪੰਜਾਂ ਪੀਰਾਂ ਦੇ ਏਹੁ ਮੁਜਾਵਰ ਹੀ ਨੇ ਇਹ ਕਿੱਧਰੋਂ ਸਾਕ ਸਹੇੜਿਓਨੇ॥ ਵੇਖੋ ਵਿੱਚ ਦਰਬਾਰ ਦੇ ਝੂਠ ਬੋਲਨ ਕੇਹੀ ਵਡਾਈ ਵੇਹੜਾ ਛੇੜਿਓਨੇ॥ ਮੇਰਾ ਰੂਹ ਗੁਮਾਨ ਦੇ ਨਾਲ ਭਰਿਆ ਮੇਰਾ ਅੱਲੜ੍ਹਾ ਘਾਉ ਉਚੇੜਿਓ ਨੇ॥ ਕੋਈ ਰੋਜ਼ ਜਹਾਨ ਦੀ ਵਾਉ ਲੈਣੀ ਭਲਾ ਹੋਇਆ ਹੈ ਨਹੀਂ ਨਬੇੜਿਓ ਨੇ॥ ਰਾਂਝੇ ਆਖਿਆ ਕਤਲ ਕਰਾਂ ਸਾਰੇ ਮੇਰੀ ਚੀਜ਼ ਨੂੰ ਜ਼ਰਾ ਜੇ ਛੇੜਿਓ ਨੇ॥ ਏਨ੍ਹਾਂ

ਸਭਨਾਂ ਨੂੰ ਮਾਰਕੇ ਕਰੀਂ ਪੁਰਜ਼ੇ ਕੋਈ ਬੁਰਾ ਮੇਰੇ ਨਾਲ ਛੇੜਿਓ ॥ ਛੱਡ ਅਰਲੀਆਂ ਖੂਹ ਭਜਾਯ ਨੱਠੇ ਪਰ ਖੂਹ ਨੂੰ ਅਜੇ ਨਾ ਗੇੜਿਓਨੇ ॥ ਵਾਰਸ ਸ਼ਾਹ ਮੈਂ ਗਿਰਦੇ ਹੀ ਰਹਿਆ ਛੈਂਦਾ ਸੁਰਮੇ ਸੁਰਮਚੂ ਨਹੀਂ ਲਬੇੜਿਓ ਨੇ ॥

॥ ਕਲਾਮ ਰਾਜਾ ॥

ਰਾਜੇ ਆਖਿਆ ਤੁਸੀ ਤਕਸੀਰ ਕੀਤੀ ਏਹੁ ਬਡਾ ਫ਼ਕੀਰ ਰੰਜਾਣਿਆਂ ਜੇ ॥ ਨਕਲੀਨ ਵੱਢਾਂ ਚਾੜ੍ਹਦਿਆਂ ਸੂਲੀ ਏਹੁ ਗੱਲ ਹੁਕ ਗਈ ਨਾ ਜਾਣਿਆਂ ਜੇ ॥ ਰੱਜੇ ਜੋਟ ਨ ਜਾਣਦੇ ਕਿਸੇ ਡਾਢੀ ਤੁਸੀਂ ਆਪਣਾ ਕਦਰ ਨ ਪਛਾਣਿਆਂ ਜੇ॥ ਰੰਨਾਂ ਖੋਹ ਫ਼ਕੀਰਾਂ ਦੇ ਰਾਹ ਮਾਰੋ ਤੰਬੂ ਗਰਬ ਗੁਮਾਨ ਦਾ ਤਾਣਿਆਂ ਜੇ ॥ ਰਾਤੀ ਚੋਹਰੇ ਦਿਨੇ ਉਧਾਲੀਆਂ ਤੇ ਕਿਧੋਂ ਸ਼ੈਤਾਨ ਵਾਂਗੂ ਜਟਰਾਣਿਆਂ ਜੇ ॥ ਕਾਜ਼ੀ ਸ਼ਰਹ ਦਾ ਤੁਸਾਂ ਨੂੰ ਕਰੇ ਝੂਠਾ ਮਜ਼ਾ ਸੂਲੀਆਂ ਦਾ ਤੁਧੋਂ ਮਾਣਿਆਂ ਜੇ ॥ ਏਹ ਨਿਤ ਹੰਕਾਰ ਨ ਜਾਇ ਖਾਲੀ ਕਦੇ ਸਭੂਤ ਤਹਕੀਕ ਪਛਾਣਿਆਂ ਜੇ ॥ ਵਾਰਸ ਸ਼ਾਹ ਸਰਾਇ ਦੀ ਰਾਤ ਵਾਂਗੂ ਦੁਨੀਆਂ ਖ਼ਾਬ ਖ਼ਿਆਲ ਕਰ ਜਾਣਿਆਂ ਜੇ ॥

॥ ਕਾਜ਼ੀ ਆਇਆ ॥

ਜਦੋਂ ਹਜ਼ਰ ਦੇ ਆਣਕੇ ਰੁਜੂ ਹੋਏ ਕਾਜ਼ੀ ਆਖਿਆ ਕਰੋ ਬਿਆਨ ਮੀਆਂ ॥ ਦੇਹੋ ਖੋਲ ਸੁਣਾਇਕੇ ਬਾਤ ਸਾਰੀ ਕਰਾਂ ਉਮੰਗ ਖਤਾਬ ਦਾ ਨਿਆਉਂ ਮੀਆਂ ॥ ਖੇੜਿਆਂ ਆਖਿਆ ਹੀਰ ਸੀ ਸਾਡ ਵਿਆਹ ਘਰ ਚੂਚਕ ਸਿਆਲ ਦੇ ਜਾਨ ਮੀਆਂ ॥ ਅਸੂ ਦੇਕੇ

ਦੇ ਪੁਤ੍ਰ ਨੂੰ ਸਾਕ ਕੀਤਾ ਹੋਰ ਜਾ ਥਕੇ ਲੋਕ ਹਾਨ ਮੀਆਂ ॥ ਜੰਞ ਜੋੜਕੇ ਅਸਾਂ ਵਿਆਹ ਆਂਦੀ ਟਕੇ ਖਰਚ ਕੀਤੇ ਖੈਰ ਦਾਨ ਮੀਆਂ ॥ ਲੱਖ ਆਦਮਾਂ ਦੇ ਢੁਕੀ ਲਖਮੀ ਸੀ ਹਿੰਦੂ ਜਾਣਦੇ ਤੇ ਮੁਸਲਮਾਨ ਮੀਆਂ ॥ ਜਦੋਂ ਰਸਮ ਕੀਤੀ ਮੁੱਲਾਂ ਸਦ ਆਂਦਾ ਜੈਨੂੰ ਯਾਦ ਸੀ ਸੱਭ ਕੁਰਾਨ ਮੀਆਂ ॥ ਅਸਾਂ ਲਾਇਕੇ ਦੰਮ ਵਿਆਹ ਆਂਦੀ ਦੇਸ ਮੁਲਕ ਸਾਰਾ ਸੱਭ ਜਾਣ ਮੀਆਂ ॥ ਰਾਵਣ ਵਾਂਗ ਲੈ ਚੱਲਿਆ ਸੀਤਾ ਤਾਈਂ ਏਹ ਛੋਕਰਾ ਨਹੀਂ ਮਿਹਮਾਨ ਮੀਆਂ ॥ ਵਾਰਸ ਸ਼ਾਹ ਨੌਂਹ ਰਖੇ ਜੋਕਿ ਵੋ ਸਾਥੋਂ ਰੱਖੋ ਜ਼ੁਲਮ ਦਾ ਰੱਬ ਈਮਾਨ ਮੀਆਂ ॥

॥ ਕਲਾਮ ਰਾਜਾ ॥

ਰਾਜਾ ਆਖਦਾ ਕਿਥੋਂ ਦਾ ਏਹ ਛਾਪਾ ਤੁਸਾਂ ਦਾਮਨ ਦੇ ਨਾਲ ਲਮੇੜਿਆ ਜੇ ॥ ਸਾਰੇ ਮੁਲਖ ਦੇ ਝਗੜਦਾ ਨਾਲ ਫਿਰਦਾ ਕਿਸੇ ਹਟਕਿਆ ਤੇ ਨਹੀਂ ਮੋੜਿਆ ਜੇ ॥ ਰਾਹ ਜਾਂਦੜੇ ਕਿਸੇ ਨਾ ਪਦੇ ਝੇੜਾ ਏਹ ਭੂਤਨਾ ਕਿਥੋਂ ਸਹੇੜਿਆ ਜੇ ॥ ਵਾਰਸ ਸ਼ਾਹ ਕਸੁੰਭੇ ਦੇ ਰੰਗ ਵਾਂਗੂ ਉਸ ਦਾ ਓੜਕ ਰਸਾ ਨਚੋੜਿਆ ਜੇ ॥

॥ ਕਲਾਮ ਖੇੜਿਆਂ ॥

ਕਿਤੋਂ ਆਇਆ ਸੀ ਕਾਲ ਵਿਚ ਭੁੱਖਾ ਮਰਦਾ ਏਹ ਚਾਕ ਸੀ ਮਹਿਰ ਦੀਆਂ ਖੋਲੀਆਂ ਦਾ ॥ ਲੈ ਕੇ ਕਰਨ ਵਿਚਾਰ ਜੂਆ ਨ ਬੇਟੀ ਓਹਨੂੰ ਫਿਕਰ ਸ਼ਰੀਕਾਂ ਦੀਆਂ ਬੋਲੀਆਂ ਦਾ ॥ ਛੈਲ ਨਢੜੀ ਵੇਖਕੇ ਮਗਰ ਲੱਗਾ ਹਿਲਿਆ ਹੋਇਆ ਸਿਆਲਾਂ ਦੀਆਂ

ਬੋਲੀਆਂ ਦਾ ॥ ਮਹੀਂ ਚਾਰਕੇ ਮੱਝਿਆ ਦਾਦਿਆਂ ਤੇ ਹੋਇਆ
ਵਾਰਸੀ ਸਾਡੀਆਂ ਬੋਲੀਆਂ ਦਾ ॥ ਮੈਂਨੂੰ ਚੋਧਰੀ ਦਾ ਪੁੱਤਰ ਆਖ
ਦੇ ਹਨ ਪਿਛੋਂ ਲੱਗਾ ਹਜ਼ਾਰੇ ਦੀਆਂ ਰੋਲੀਆਂ ਦਾ ॥ ਅਦਲ
ਕਰੀਂ ਜਿਉਂ ਉਮਰ ਖ਼ਿਤਾਬ ਕੀਤਾ ਅਤੇ ਕੰਜਰੀਆਂ
ਅਦਲ ਤੋਂ ਡੋਲੀਆਂ ਦਾ ॥ ਨੌਸ਼ੇਰਵਾਂ ਗਧੇ ਦਾ ਅਦਲ ਕੀਤਾ
ਹੱਥ ਵੱਢਿਆ ਝੂਠਿਆਂ ਰੋਲੀਆਂ ਦਾ ॥ ਹੈ ਨਖਿਧ ਪਲੀਤ
ਦਰਬਾਰ ਸਾਡੇ ਜੱਟ ਕਹੇ ਹੈ ਜਿਵੇਂ ਸਮੋਲੀਆਂ ਦਾ ॥ ਮੰਤਰ
ਮਾਰਕੇ ਮੰਗ ਦਾ ਕਰੇ ਕਕੜ ਹਰੀ ਨਿੰਮ ਦੀ ਕਰੇ ਮਮੋਲੀਆਂ
ਦਾ ॥ ਰੰਧੀ ਲੋਹੇ ਦੀ ਪਾ ਜਿਹਕੇ ਪਟੇਦਾਹੇ ਤੇ ਸਰਦਾਰ ਹੈ ਵਡੇ
ਗਪੌਲੀਆਂ ਦਾ ॥ ਅੰਬ ਬੀਜ ਤੰਦੂਰ ਵਿਚ ਕਰੇ ਹਰਿਆ ਬਣੇ
ਮੀਂਹ ਓ ਬਾਲਕਾ ਔਲੀਆਂ ਦਾ ॥ ਵਾਰਿਸ਼ਾਹ ਸਭ ਐਬਦਾਰਥ
ਮਹਿਰਮ ਏਵੇਂ ਸਾਗ ਹੈ ਪਗੜੀਆਂ ਪੋਲੀਆਂ ਦਾ ॥

॥ ਕਲਾਮ ਕਾਜ਼ੀ ॥

ਕਾਜ਼ੀ ਆਖਿਆ ਬੋਲ ਫ਼ਕੀਰ ਸਾਈਂ ਛੱਡ ਝੂਠ ਦੇ ਦੱਬ ਦਬਕੇ
ੜਿਆਂ ਨੂੰ ॥ ਕਰੀਂ ਅਸਲ ਦੀ ਗੱਲ ਦਰਗਾਹ ਅੰਦਰ ਹੋਰ ਦੂਰ
ਕਰ ਝਗੜਿਆਂ ਝੇੜਿਆਂ ਨੂੰ ॥ ਸਾਰੇ ਦੇਸ ਦੇ ਵਿੱਚ ਮਸ਼ਹੂਰ
ਹੋਇਓਂ ਦੇਵੇਂ ਫੜੇ ਹੋ ਆਪਣੇ ਫੇੜਿਆਂ ਨੂੰ ॥ ਵਾਰਸ ਸ਼ਾਹ ਮੀਆਂ
ਲੱਖ ਆਖ ਐਥੇ ਨਹੀਂ ਜਾਣਦਾ ਵਖਰਿਆਂ ਮੇਰਿਆਂ ਨੂੰ ॥

॥ ਕਲਾਮ ਰਾਂਝਾ ॥

ਪਿਛੇ ਮੈਂ ਲਕੇ ਚੋਟੀਆਂ ਹਿਣਕੀਆਂ ਨੀ ਓਹ ਰਵਾ ਸੀ ਫਕਰ

ਸਹੇੜਿਆਂ ਨੂੰ ॥ ਭਲਿਆਂ ਸੱਚ ਦੀ ਕ਼ਲਮ ਤੇ ਲਾਹਿ ਸੂਲੀ ਖ਼ੁਆਰ ਕੀਤਾ ਹੀ ਸਿਆਲਾਂ ਤੇ ਖੇੜਿਆਂ ਨੂੰ ॥ ਫੜਕ ਮੋਇਆ ਆਣਕੇ ਖੇੜਿਆਂ ਤੇ ਮੀਆਂ ਸਲਾਮ ਹੈ ਵਲਵਲਾਂ ਤੇਰਿਆਂ ਨੂੰ ॥ ਛੱਡ ਤਊਂ ਵਾਸੀਕ਼ਾਰ ਬਦਕਾਰ ਨਾਰੀ ਵਹੁਟੀਆਂ ਆਪਣੀ ਦੇ ਛੇੜਾਂ ਖੇੜਿਆਂ ਨੂੰ ॥ ਏਹ ਵੇਖ ਲਵੇ ਮਨਨੇ ਵਾਲਿਓ ਦੇ ਏਸ ਮੋਏ ਲੈ ਫੇਸਦਾ ਖੇੜਿਆਂ ਨੂੰ ॥ ਦੁਨੀਆਂਦਾਰ ਨੂੰ ਔਰਤਾਂ ਹੂਰ ਕੀਤਾ ਫ਼ਕਰ ਛੋਡਦੇ ਝਗੜਿਆਂ ਝੇੜਿਆਂ ਨੂੰ ॥ ਆਸ਼ੂ ਕੂਨਦਿਆਂ ਝਾਝਰੇ ਰੱਬ ਬੈਠੇਂ ਏਹ ਵਹੁਟੜੀ ਦੇਹ ਨੂੰ ਖੇੜਿਆਂ ਨੂੰ ॥ ਛੱਡ ਜਾਹ ਹਥਾਊ ਦੇ ਨਾਲ ਸੱਟੀਂ ਨਹੀਂ ਜਾਨ ਸੈਂ ਦੂਰ ਹਿਆਂ ਮੇਰਿਆਂ ਨੂੰ ॥ ਨਿਤ ਮਾਲ ਪਰਾਇਆ ਚੋਰ ਖਾਹਿ ਏਹ ਦਸ ਮਸਲੇ ਉਨ੍ਹਾਂ ਭੈੜਿਆਂ ਨੂੰ ॥ ਗੁਨਹਗਾਰ ਜਹਾਨ ਦੇ ਪਕੜੀਅਨਗੇ ਵਾਰਸਸ਼ਾਹ ਫ਼ਕੀਰ ਦੇ ਵੈਰਿਆਂ ਨੂੰ ॥

॥ ਕਾਜ਼ੀ ਨੇ ਹੀਰ ਖੇੜਿਆਂ ਨੂੰ ਦਿੱਤੀ ॥

ਕਾਜ਼ੀ ਖਿੱਚ ਦਿੱਤੀ ਹੀਰ ਖੇੜਿਆਂ ਨੂੰ ਮਾਰੋ ਏਹ ਫ਼ਕੀਰ ਦੇ ਗੋਲੀਆਂ ਜੇ ॥ ਦਗ਼ੇਬਾਜ਼ ਤੇ ਝਾਗੜੂ ਚੋਰ ਲੁੱਚਾ ਜਿਨ੍ਹਾਂ ਪੜ੍ਹਿਆਂ ਮਸਾਇਕ ਔਲੀਆ ਜੇ ॥ ਜਦੋਂ ਦਰੀ ਤੇ ਆਵੇ ਤਾਂ ਸਫ਼ਾ ਗੱਲ ਅੱਖੀਂ ਮੀਟ ਬਹੇ ਜਾਪੇ ਔਲੀਆ ਜੇ ॥ ਵਾਰਸਸ਼ਾਹ ਉਤੋਂ ਸੂਹਣਾ ਵਾਂਗ ਤੂੰਮੇਂ ਵਿਚੋਂ ਕਰੜਿਆ ਵਿੱਸਦਾ ਘੋਲੀਆ ਜੇ ॥

॥ ਹੀਰ ਨੂੰ ਖੇੜੇ ਲੈ ਚੱਲੇ ॥

ਜਦੋਂ ਹੀਰ ਨੂੰ ਖੇੜੇ ਲੈ ਗਏ ਖੇੜੇ ਰਾਂਝਾ ਰਹਿਆ ਛੁਪ ਘੁਰ ਦੇ ਨਾਲ

ਆਹੇ ॥ ਓਹ ਜਾਇਕੇ ਨਿੱਘਰੇ ਗਰਕ ਹੋਏ ਵੇਹਲ ਦੇਇ ਨਾ ਜ਼ਿਮੀਂ ਅਸਮਾਨ ਯਾਰੋ ॥ ਖਪ ਮਾਰੀਏ ਖੱਤ੍ਰੀ ਸਲੇਥ ਹਲ ਹੁਕੇ ਅਮਲੀਆਂ ਦੇ ਰੁੜ੍ਹ ਜਾਨ ਯਾਰੋ॥ ਡੋਰਾਂ ਵੇਖਕੇ ਮੀਰ ਸ਼ਿਕਾਰ ਰੋਵਨ ਹਥੋਂ ਜਿਨ੍ਹਾਂ ਦੇ ਬਾਜ਼ ਉਡਜਾਨ ਯਾਰੋ॥ ਓਨ੍ਹਾਂ ਸਬਰ ਕਰਾਰਨਾ ਮੂਲ ਆਵੇ ਸਿਰਜਿਨਾਂ ਦੇ ਪੈਨ ਵਦਾਨ ਯਾਰੋ ॥ ਹੀਰ ਜਾਹਕੇਖੂੰਡੇਹੈਰਾਨਹੋਈ ਸੁੱਤੀ ਜ਼ਮਾਨੇ ਵਿਚ ਮੈਦਾਨ ਯਾਰੋ ॥ ਤਿੱਖਾ ਚੀਰਦਾ ਵਾਂਗ ਮਹਾਂਸ਼ਤੀ ਦੇ ਮੇਲ ਕਰਸੀਆ ਇਸ਼ਕ ਮੈਦਾਨ ਯਾਰੋ॥ ਵਿੱਚ ਉਵਨੀ ਸ਼ਰਮ ਦੇ ਨਾਲ ਛੱਪੀ ਜਿਵੇਂ ਵਿੱਚ ਕਰਬਾਲ ਕਮਾਨਦਾਰੋ ॥ ਚੁਪਸੱਲਹੋ ਰਹੀ ਹੈਰਾਨ ਜੱਟੀ ਜਿਵੇਂ ਰੂਹ ਬੀਂ ਬਿਨਾਂ ਇਨਸਾਨ ਯਾਰੋ॥ ਵਾਰਸਸ਼ਾਹ ਰੋਵੇਂ ਪਰੇਸ਼ਾਨ ਹੋਏ ਜਿਵੇਂ ਪਏ ਅਜ਼ਰੈਬ ਸ਼ੈਤਾਨ ਯਾਰੋ ॥

॥ ਕਲਾਮ ਜੋਗੀ ॥

ਰਾਂਝਾ ਆਖਦਾ ਜਾਹਕੀ ਵੇਖਦੀ ਹੈਂ ਬੁਰਾ ਮੌਤ ਥੀਂ ਏਹ ਵਿਜੋਗ ਹੈ ਨੀ॥ ਪਏ ਧਾੜਵੀ ਲੁਟ ਲੈ ਗਏ ਮੈਨੂੰ ਏਹ ਦੁਖ ਕੀ ਜਾਨਦਾ ਲੋਕ ਹੈ ਨੀ ॥ ਮਿਲੀ ਸੈਦੇ ਨੂੰ ਹੀਰ ਤੇ ਸੁਆਹ ਮੈਨੂੰ ਤੇਰੇ ਨਾਮ ਦਾ ਅਸਾਂਨੂੰ ਰੋਗ ਹੈ ਨੀ॥ ਬੁਕਲ ਲੈਫ ਵਿਛਾਂਵਣਾ ਵਹੁਟੀਆਂ ਦਾ ਇਹ ਰਾਤ ਸਿਆਲੇ ਦਾਂ ਭੋਗ ਹੈ ਨੀ॥ ਸੋਕਣ ਰਨ ਚੁਵਾਂਫ ਕਪੁੱਤ੍ਰਿਆਂ ਦਾ ਭਲੇ ਮਰਦ ਦੇ ਬਾਬ ਦਾ ਸੋਗ ਹੈ ਨੀ॥ ਖੁਸ਼ੀ ਕੀਤੇ ਹੋਵੇ ਮਰਦ ਫੁਲ ਵਾਂਗੂ ਘਰੀਂ ਜਿਨਾਂ ਦੇ ਨਿੱਤ ਦਾ ਰੋਗ ਹੈ ਨੀ ॥ ਛਿਨਾਂ ਵਿਚ ਜਹਾਨ ਕੀ ਮਜ਼ਾ ਪਾਇਆ ਗਲੀਂ ਜਿਨ੍ਹਾਂ ਦੇ

ਰੋਸਦਾ ਜੋਗ ਹੈਨੀ ॥ ਜੇਹੜੇ ਬਿਨਾਂ ਮੁਰਾਦ ਦੇ ਕਰਨ ਕੁਸ਼ਤੀ ਓਸ ਮਰਦ ਨੂੰ ਜਾਣੀਏ ਢੋਗ ਹੈਨੀ ॥ ਅਸਮਾਨ ਵਿਚ ਪਹੋਤੇ ਨਹੀਂ ਮਰਦੇ ਬਾਕੀ ਜਿਨ੍ਹਾਂ ਦੀ ਜ਼ਿਮੀ ਤੇ ਹੋਗ ਹੈਨੀ ॥ ਜਦੋਂ ਕਦੋਂ ਮਹਬੂਬਨਾ ਛੱਡਨਾ ਹੈ ਕਾਲੇ ਨਾਗ ਖੁਲਾਇਦੇ ਲੋਗ ਹੈਨੀ ॥ ਕੂੰਜ ਕਾਵਾਂ ਨੂੰ ਮਿਲੀ ਤੇ ਸ਼ੇਰ ਫਾਹਦੀ ਵਾਰਸਸ਼ਾਹ ਇਹ ਧੁਰੋਂ ਸੰਜੋਗ ਹੈਨੀ ॥ ਉਪਰ ਵਕਤ ਤੇ ਫ਼ਜ਼ਲ ਦਾ ਮੀਂਹ ਵਰਸੇ ਬੁਰਾ ਕੌਨ ਮਨਾਂਵਦਾ ਵੁਠਿਆਂ ਨੂੰ ॥ ਲਭੇ ਯਾਰ ਦੇ ਆਬ ਹਯਾਤ ਬਾਝੋਂ ਕੌਣ ਜਿੰਦ ਦੀ ਬਖਸ਼ਦਾ ਕੁਠਿਆਂ ਨੂੰ ॥ ਪੀਰਾਂ ਪੀਰਾਂ ਦੀ ਜੇ ਮੈਨੂੰ ਮੇਹਰ ਹੋਵੇ ਕਰਾਮਾਤ ਮਨਾਂਵਦੀ ਰੁਠਿਆਂ ਨੂੰ ॥ ਵਾਰਸ ਮਾਰਕੇ ਆਹ ਮੈਂ ਸ਼ਹਿਰ ਸਾੜਾਂ ਬਾਦਸ਼ਾਹ ਜਾਣੇ ਅਸਾਂ ਮੁਠਿਆਂ ਨੂੰ ॥

॥ ਹੀਰ ਨੇ ਆਹ ਮਾਰੀ ॥

ਹੀਰ ਨਾਲ ਫ਼ਿਰਾਕ ਦੇ ਆਹ ਮਾਰੀ ਰਬਾ ਵੇਖ ਅਸਾਡੀਆ ਭਖਨ ਆਹੀਂ ॥ ਅੱਗੇ ਅੱਗ ਪਿਛੇ ਸੱਪ ਸ਼ੀਂਹ ਮਾਰੇ ਸਾਡੀ ਵਾਹ ਨਾ ਨਾਲ ਗਦੀ ਰਵੀ ਰਾਹੀਂ ॥ ਇਕੋ ਮੇਲ ਰੰਝੇਟੜਾ ਦੁਖ ਜਾਲਾਂ ਇਕੇ ਦੁਹਾਂ ਦੇ ਉਮਰ ਦੀ ਅਲਖ ਲਾਹੀਂ ॥ ਐਡਾ ਕਹਿਰ ਕੀਤਾ ਦੇਸ ਵਾਲਿਆਂ ਨੇ ਏਸ ਸ਼ਹਿਰ ਨੂੰ ਕਾਦਰਾ ਅੱਗ ਲਾਈਂ ॥ ਵਾਰਸਸ਼ਾਹ ਸਿਆਲਾਂ ਦੀ ਜਾਈ ਜੱਟੀ ਗੁਸੇ ਨਾਲ ਦਿਤੀ ਬੜੀ ਬਦਦੁਆਈਂ ॥

॥ ਬਦ ਦੁਆਇ ਦੇਨਾ ਹੀਰ ਤੇ ਰਾਂਝਿਆਂ ॥

ਰੱਬਾ ਓਹ ਪਾਂਦੀਂ ਕਹਿਰ ਸ਼ਹਿਰ ਉੱਤੇ ਜੇਹੜਾ ਘੱਤ ਫਿਰਔਨ ਡੁਬਾਇਆ ਈ ॥ ਜੇਹੜਾ ਕੀਆ ਨਜ਼ੂਲ ਤੋਂ ਜ਼ਿਕਰੀਏ ਤੇ ਉਹਨੂੰ ਘੱਤ ਸ਼ਰੀਰ ਚਰਵਾਇਆ ਈ ॥ ਜੇਹੜਾ ਸਾਹਿਬ ਕਹਿਰ ਦੇ ਨਾਲ ਯੂਸਫ਼ ਵਿੱਚ ਅਗਾਮਲੀਲ ਪਵਾਇਆ ਈ ॥ ਜੇਹੜਾ ਸਾਹਿਬ ਕਹਿਰ ਤੇ ਸਟ ਤਖਤੋਂ ਸਿਲੇਮਾਨ ਥੀਂ ਭੱਠ ਝੁਕਾਇਆ ਈ ॥ ਜੇਹੜੇ ਕਹਿਰ ਤੇ ਗ਼ਜ਼ਬ ਦੀ ਪਕੜ ਕਾਤੀ ਇਸਮਾਈਲ ਤੋਂ ਜ਼ਿਬਹ ਕਰਾਇਆ ਈ ॥ ਜੇਹੜਾ ਕਹਿਰ ਯੂਨਸ ਦਾ ਪਾਇਆ ਜੇਹੜੇ ਉਹਨੂੰ ਤੇ ਭਰੀਤੇ ਕਰਵਾਇਆ ਈ ॥ ਜੇਹੜਾ ਘੱਤਿਆ ਯਾਕੂਬ ਤੇ ਵੱਡਾ ਗ਼ਮ ਯੂਸਫ਼ ਫੇਰ ਥੈਂਦੀ ਵਿੱਚ ਪਾਇਆ ਈ ॥ ਜੇਹੜੇ ਕਹਿਰ ਦੇ ਨਾਲ ਉਹ ਬੁਢੜੀ ਤੋਂ ਅਮੀਰ ਹਮਜ਼ੇ ਨੂੰ ਚਾਇ ਮਰਵਾਇਆ ਈ ॥ ਜੇਹੜੇ ਕਹਿਰ ਦੇ ਨਾਲ ਫਿਰ ਸ਼ਾਹ ਮਰਦਾਂ ਇਕ ਨਫ਼ਰ ਤੋਂ ਕਤਲ ਕਰਵਾਇਆ ਈ ॥ ਜੇਹੜੇ ਕਹਿਰ ਦੇ ਨਾਲ ਯਜ਼ੀਦੀਆਂ ਦੇ ਇਮਾਮ ਹੁਸੈਨ ਨੂੰ ਚਾਇ ਕੁਹਾਇਆ ਈ ॥ ਕੱਕੇ ਬੂਰੇ ਤੇ ਤੇਜ਼ ਜ਼ਬਾਨ ਕੋਲੋਂ ਹਸਨ ਜ਼ਹਿਰ ਦੇ ਨਾਲ ਮਰਵਾਇਆ ਈ ॥ ਓਹ ਕਹਿਰ ਘੱਤੀਂ ਏਸ ਦੇਸ ਉੱਤੇ ਜੇਹੜਾ ਜਿਤਲਿਆਂ ਦੇ ਸਿਰ ਪਾਇਆ ਈ ॥ ਵਾਰਸ ਸ਼ਾਹ ਮਾਪੇ ਨਾਲ ਬੁਰੀ ਕੀਤੀ ਏਨਾਂ ਵਿੱਤ ਮੇਰੇ ਭਾਈਂ ਤਾਇਆ ਈ ॥

॥ ਰਾਂਝੇ ਨੇ ਦੁਆਇ ਮੰਗੀ ॥

ਰਾਂਝੇ ਹੱਥ ਉਠਾਇ ਦੁਆਇ ਮੰਗੀ ਤੇਰਾ ਨਾਮ ਹੈ ਕਹਿਰ ਜ਼ਬੀਰ

ਸਾਈਂ ॥ ਡੁੱਬਿਆ ਪਹਿਲੇ ਨਾਉ ਉੱਤੇ ਤੁਰਤ ਪਹੁੰਚੇ ਦੋਸ ਬਹਿਰ ਨੂੰ ਕਾਦਰ ਅੱਗ ਲਾਈਂ ॥ ਸਾਰਾ ਸ਼ਹਿਰ ਉਜਾੜ ਕੇ ਸਾੜ ਪਾਸੇ ਕਿਵੇਂ ਮੁਝ ਗ਼ਰੀਬ ਦੀ ਸੁਣੀ ਸਾਈਂ ॥ ਸਾਡੀ ਸ਼ਰਮ ਰਹੇ ਕਰਾਮਾਤ ਸਾਰੀ ਬੰਨੇ ਬੇੜੀ ਅਸਾਡੜੀ ਲਾਇ ਲਾਈਂ ॥

॥ ਕਲਾਮ ਸ਼ਾਇਰ ॥

ਜਿਵੇਂ ਇੰਦ੍ਰ ਤੇ ਕਹਿਰ ਦੀ ਨਜ਼ਰ ਕਰਕੇ ਮਹਿਖਾਸੁਰ ਨੇ ਪੁਰੀ ਲੁਟਵਾਇਆਈ ॥ ਸੁਰੰਗਪੁਰੀ ਅਮਰਪੁਰੀ ਬ੍ਰਹਮਪੁਰੀ ਇੰਦ੍ਰ ਪੁਰੀ ਮਘਵਾ ਸਣੇ ਲਾਇਆਈ ॥ ਕਹਿਰ ਕਰੀਂ ਜਿਉਂ ਬਿਦਰ ਤੇ ਜ਼ੂਰੂ ਕੀਤਾ ਸ੍ਰੀ ਚੰਡ ਮੁਕਾ ਉੱਤੇ ਧਾਇਆਈ ॥ ਰਕਤਬੀਜ ਮਹਿਖਾਸੁਰੋਂ ਲਾਹ ਸੁੱਟੇ ਧਰਤੀ ਚੰਡ ਕਰਮ ਪਲਕ ਵਿਚ ਆਇਆਈ ॥ ਓਹ ਕੋਪ ਕਰ ਜੇਹੜਾ ਕੈਰਵਾਂ ਤੋਂ ਚਕ੍ਰ ਵਿਯੂਹ ਦੇ ਵਿਚ ਕਰਵਾਇਆਈ ॥ ਓਹ ਕੋਪ ਜੇਹੜਾ ਹੋਇਆ ਰਾਵਣੇ ਤੇ ਲੰਕ ਸੜੀ ਦਸਸੀਸ ਕਟਵਾਇਆਈ ॥ ਕੜਾ ਕੋਪ ਜੋ ਬਾਲੀ ਤੇ ਰਾਮ ਕੀਤਾ ਬਾਣ ਮਾਰਕੇ ਮਾਰ ਗਵਾਇਆਈ ॥ ਘੱਤ ਕੋਪ ਜੋ ਦੈਤ ਸਰੀਰ ਮਾਰਿਓ ਮਹਾਂਦੇਵ ਦਾ ਧਨੁਖ ਤੁੜਾਇਆਈ ॥ ਦ੍ਰੋਣਾਚਾਰਜ ਬਲੀ ਭੀਖਮ ਜੇਹੇ ਹੋਏ ਪਾਂਡਵਾਂ ਨਾਲ ਲੜਾਇਆਈ ॥ ਕਹਿਰ ਪਵੇ ਜੋ ਪਿਆ ਹਰਨਾਕਸ਼ ਤੇ ਨਾਲ ਨਹੁੰਆਂ ਦੇ ਢਿੱਡ ਪੜਵਾਇਆਈ ॥ ਵਡਾ ਕੋਪ ਕਰਕੇ ਸ੍ਰੀ ਰਾਮ ਜੀ ਨੇ ਸੂਪਨਖਾ ਦਾ ਨੱਕ ਕਟਵਾਇਆਈ ॥ ਜੁੱਧ ਵਿਚ ਤੇ ਰਾਮ ਨਲ ਨੀਲ ਲਛਮਨ ਕੁੰਭਕਰਨ ਨੂੰ ਮਾਰ ਗਵਾਇਆਈ ॥

ਵੱਡਾ ਕੋਪ ਕਰ ਕ੍ਰਿਸ਼ਨ ਜੀ ਪਕੜ ਕੇਸੋਂ ਕੰਸ ਸਭਾਦੇ ਵਿੱਚ ਮੁਕਾਇਆਈ ॥ ਜਰਾ ਸਿੰਧ ਦਰਵਾਇਆ ਜ਼ੋਰਦੇਕੇ ਸਿਸਪਾਲ ਨੂੰ ਮਾਰ ਕੁਹਾਇਆਈ॥ ਓਹ ਕੋਪ ਕਲ ਜੇਹੜਾ ਪਿਆ ਜੋਗੀ ਵਿਸ੍ਵਾਮਿਤ੍ਰ ਖੇਲ ਕਰਾਇਆਈ ॥ ਘੱਤ ਕੋਪ ਜੈਦ੍ਰੋਪਤੀ ਨਾਲ ਕੀਤਾ ਅੰਤ ਅਸਾਂ ਨੂੰ ਚਾਇ ਬਚਾਇਆਈ ॥ ਘੱਤ ਕੋਪ ਜੋ ਪਿਆ ਕੁਰਖੇਤ੍ਰ ਤੇ ਕਈ ਖੂਹਣੀਆਂ ਜਿਨ ਮਰਵਾਇਆਈ ॥ ਓਹੋ ਕ੍ਰੋਧ ਕਰੀਂ ਜੇਹੜਾ ਇਤਨਿਆਂ ਤੇ ਜੱਗ ਵਿੱਚ ਜੋ ਧੂਮ ਕਰਵਾਇਆਈ॥ ਉਸਦਾ ਆਖਿਆ ਹੱਥ ਮਨਜ਼ੂਰ ਕੀਤਾ ਤੁਰਤ ਸ਼ਹਿਰ ਨੂੰ ਅੱਗ ਲਵਾਇਆਈ ॥ ਵਾਰਸ ਸ਼ਾਹ ਮੀਆਂ ਲੰਕਾ ਕੋਟ ਵਾਂਗੂੰ ਚਾਰੋਂ ਤਰਫ ਹੀ ਅੱਗ ਮਚਾਇਆਈ ॥

॥ ਸ਼ਹਿਰਨੂੰ ਅੱਗਲੱਗੀ ॥

ਜਦੋਂ ਅੱਗ ਲੱਗੀ ਵਡਾ ਜ਼ੋਰ ਕੀਤਾ ਧੂੰਆਂ ਰਾਜੇ ਦੇ ਪਾਸ ਵੀ ਆਈਆਂ ਨੂੰ ॥ ਲੱਗੀ ਅੱਗ ਚੌਤਰਫ਼ ਜੋ ਸ਼ਹਿਰ ਸਾਰੇ ਕੀਤਾ ਸਾਫ਼ ਜਾਂ ਝੁੱਗੀਆਂ ਛਾਈਆਂ ਨੂੰ ॥ ਸਾਰੇ ਸ਼ਹਿਰ ਵਿੱਚ ਧੁੱਮ ਤੇ ਸ਼ੋਰ ਹੋਇਆ ਖ਼ਬਰਾਂ ਪਹੁੰਚੀਆਂ ਪਾਂਧੀਆਂ ਰਾਹੀਆਂ ਨੂੰ ॥ ਰਾਜੇ ਆਖਿਆ ਕੀ ਤਕਸੀਰ ਹੋਈ ਪੁੱਛੇ ਪੰਡਤਾਂ ਦਸੋ ਗੁਵਾਹੀਆਂ ਨੂੰ ॥ ਲੋਕਾਂ ਆਖਿਆ ਫ਼ਕਰ ਬਦ ਦੁਆਇ ਦਿੱਤੀ ਰਾਜੇ ਘੱਲਿਆ ਤੁਰਤ ਸਿਪਾਹੀਆਂ ਨੂੰ॥ ਪਕੜ ਖੇੜਿਆਂ ਨੂੰ ਕਰੋ ਆਨ ਹਾਜ਼ਰ ਨਹੀਂ ਜਾਣਦੇ ਜ਼ਾਬਤੇ ਸ਼ਾਹੀਆਂ ਨੂੰ ॥ ਤੁਰਤ ਖੇੜਿਆਂ ਨੂੰ ਜਾਕੇ ਪਕੜ ਲਿਆਏ ਖੇੜੇ ਫੜੇ ਨੀ ਵੇਖਲੈ ਕਾਹੀਆਂ ਨੂੰ ॥

ਵਾਰਸਸ਼ਾਹ ਮਸਲਾਤ ਦੀਆਂ ਜਸ਼ਾਂ ਪੱਟਨ ਇਨ੍ਹਾਂ ਦੀਨ ਈਮਾਨ ਦੀਆਂ ਸ਼ਾਹੀਆਂ ਨੂੰ ॥

॥ ਰਾਂਝਾ ਹੀਰ ਨੂੰ ਲੈ ਟੁਰਿਆ ॥

ਹੀਰ ਖੋਹਕੇ ਰਾਂਝੇ ਦੇ ਹੱਥਦਿੱਤੀ ਕਰੀਂ ਜੋਗੀਆ ਖੈਰਖ਼ੁਦਾਇ ਮੀਆਂ॥ ਰਾਂਝੇ ਹੱਥ ਉਠਾਇ ਦੁਆ ਦਿੱਤੀਤੁਸੀ ਜੱਲ ਜਲਾਲ ਖ਼ੁਦਾਇਮੀਆਂ ॥ ਤੇਰੇ ਦੇਸ ਤੇ ਮੁਲਕ ਵਿੱਚ ਖੈਰ ਹੋਵੇ ਫਰੀ ਝੂਲਹੋਵੀ ਕੁਲਬਲਾਇਮੀਆਂ ॥ ਘੋੜੇਉਠਹਾਥੀਏਮਤੋਪਖਾਨੇ ਵਿਧ ਸਿੱਧ ਤੇ ਹੁਕਮ ਚਲਾਇ ਮੀਆਂ ॥ ਅੰਨ ਧੰਨ ਤੇ ਲੱਛਮੀ ਹੁਕਮ ਦੌਲਤ ਨਿੱਤ ਹੋਵੀਆ ਦੂਨ ਸਵਾਇ ਮੀਆਂ ॥ ਵਾਰਸਸ਼ਾਹ ਰੱਬ ਨਾਲ ਹਯਾਉ ਰੱਖੀ ਮੀਟੀ ਮੁਠੀਆਂ ਦੇਇ ਲੰਘਾਇ ਮੀਆਂ ॥ ਲੈਕੇ ਚੱਲਿਆ ਆਪਣੇ ਦੇਸ ਤਾਈਂ ਚੱਲ ਨਫੀਏਰੱਬਦਵਾਈਏਂਨੀ ॥ ਚੋਧਰਾਣੀਏਂ ਤਖ਼ਤਹਜ਼ਾਰੇਦੀਏ ਨੀ ਪੰਜਾਂਪੀਰਾਂਨੇ ਆਨ ਮਿਲਾਈਏਂ ਨੀ ॥ ਕੱਢ ਖੇੜਿਆਂ ਥੋਂ ਰੱਬ ਦਿੱਤੀਏਂ ਨੀ ਅਤੇ ਮੁਲਕ ਪਹਾੜ ਪੌਚਾਈਏਂ ਨੀ॥ ਪੰਜਾਂ ਪੀਰਾਂ ਨੇ ਸ਼ਹਿਰ ਨੂੰ ਧਮਕ ਦਿੱਤੀ ਵਾਰਸ ਰਾਜੇ ਨੇ ਫੇਰ ਦਿਵਾਈਏਂਨੀ ॥

॥ ਕਲਾਮ ਹੀਰ ॥

ਹੀਰ ਆਖਿਆ ਐਵੇਂ ਜੋ ਜਾਇ ਵਤਸਾਂਵਿਨਾਂਆਖਸਨਉਧਲ ਆਈਏਂ ਨੀ ॥ ਪਈਏ ਸਾਹੁਰੇ ਡੋਬਕੇ ਗਾਲਿਓ ਨੀ ਖੇਹ ਕੇਨ ਨਿਵਾਲੀਆਂਆਈਏਂਨੀ ॥ ਲਾਵਾਂ ਫੇਰੀਆਂ ਹੱਕਨਿਕਾਹ

ਸ਼ਾਡੇ ਐਵੇਂ ਬੇਦੁਲੀ ਹੋਇਕੇ ਆਈਏਂ ਨੀ ॥ ਐਬ ਜਾਦੂੜਾ ਏਵਣੇਪੜੀਏਂ ਜੀਤੂਰ ਆਦਮੀ ਦੇ ਹੱਥ ਆਖੀਏਂ ਨੀ ॥ ਵਾਰੋਸ਼ਾਹ ਪ੍ਰੇਮ ਦੀ ਜੜੀ ਘੱਤੀ ਮਸਤਾਨੜੀ ਚਾਇ ਕਰਾਈਏ ਨੀ ॥

॥ ਰੈਨਾ ਅਵੱਲੀਆਂ ਹੋਈਆਂ ॥

ਰੈਨਾਂ ਦੇਸ ਪਰਾਞਦੀ ਟਿੱਕਣੀਦੀਆਂ ਹੋਕੇ ਆਈਆਂ ਧੁੰਮਲਾ ਵਡਾ ਭਾਰਾ ॥ ਰਾਜੀ ਮਾਹਨੂਆਂ ਖ਼ਿਮਿਓ ਸੇਵਕਨਾ ਕਦੇ ਪ੍ਰੇਮ ਦੀ ਚੈਕਦੀਂ ਜੀਉਇਆਰਾ ॥ ਬਾਰੇ ਅਧਰਦਵਾਰਹੈ ਸ਼ਾਰਜਾਂਦੀ ਖਲਾ ਕਹੂਕਿਊ ਚਲਿਓ ਅਪਰਾਧਾ ਭਾਰਾ ॥ ਧਰਮੀ ਰਾਜੇ ਨੇ ਮਾਹਨੂਆਂ ਘੇਰ ਲੀਤੀ ਕੈਸੀ ਕੀਹਨਦੇ ਅੰਦਰੇ ਕਹੇ ਧਾਰਾ ॥ ਫ਼ਰਮ ਖ਼ਾਲਿ ਕੇ ਪੀਰ ਪੰਜਾਲ ਪਰਬਤ ਖ਼ਿਲੂਆਂਦਰੇ ਗੋਬਦ ਫੁਲਨਹਾਰਾ ॥ ਕਿਧੇ ਕਿਧੇ ਵਸੇ ਚੰਗੇ ਮਾਹਨੂਆਂ ਓਥਿ ਸੋਧ ਕਪੀਜ਼ ਤੂੰ ਜਿਵੇਂ ਕੂਪਣਾੜਾ ॥ ਕਿਥੋਂ ਲਾਞੀਆਂ ਕਨੇ ਕਿਲੇ ਉਮੰਦੀ ਵਾਰਸ ਕੌਣ ਜੋ ਰਾਜ ਕਰ ਖੰਡ ਧਾਰਾ ॥

ਕਲਾਮ ਹੀਰ ॥

ਰਾਹੇ ਰਾਹ ਜਾ ਸਿਆਲਾਂ ਦੀ ਜੂਹ ਵੜਿਆ ਹੀਰ ਆਖਿਆ ਵੇਖ ਲੈ ਜੂਹ ਮੀਆਂ ॥ ਜਿਥੇ ਖੇਡਦੇ ਰਹੇ ਸਾਂ ਰੋਲ ਕਰਦੇ ਤਕਦੀਰ ਲਾਈ ਵਿਚ ਖੂਹ ਮੀਆਂ ॥ ਜਦੋਂ ਜੰਵ ਆਈ ਘਰ ਖੇੜਿਆਂ ਦੇ ਹੈ ਤੂਫ਼ਾਨ ਆਇਆ ਸਿਰ ਨੂਹ ਮੀਆਂ ॥ ਏਹ ਰਾਹੀਂ ਜਿੱਥੇ ਕੈਦੋ ਫਾਹਿਆ ਸੀ ਵਾਰਸ ਸੰਗ ਸਹੇਲੀ ਸੰਦੂਹ ਮੀਆਂ ॥

॥ ਮਾਹੀਆਂ ਪਿੰਡ ਵਿੱਚ ਆਇ ਕਿਹਾ ॥

ਮਾਹੀ ਆਖਿਆ ਜਾਇਕੇ ਵਿੱਚ ਸਿਆਲਾਂ ਨੱਢੀ ਧੀਦੋ ਨੂੰ ਚਾਕ ਲੈ ਆਇਆ ਜੇ ॥ ਦਾੜ੍ਹੀ ਖੇੜਿਆਂ ਦੀ ਸਭਾ ਮੁੰਨ ਸੁੱਟੀ ਪਾਣੀ ਰਤੀ ਭੀ ਮੂਲ ਨਾ ਲਾਇਆ ਜੇ ॥ ਸਿਆਲਾਂ ਆਖਿਆ ਪਰੇ ਨਾ ਜਾਨ ਕਿਤੇ ਜਾਂਦੇ ਨੱਢੀ ਨੂੰ ਘੇਰ ਲੈ ਆਇਆ ਜੇ ॥ ਆਖ ਰਾਂਝੇ ਨੂੰ ਜੋਗ ਬਣਾਇਕੇ ਲਿਆਏ ਓਹਨੂੰ ਸੇਹਰੇ ਡੋਲੜੀ ਪਾਇਆ ਜੇ ॥ ਜੋ ਕੁਛ ਹੋਨ ਨਸੀਬ ਸੋ ਦਾਜ ਦਾਮਨ ਸਾਕੋਂ ਓਹ ਭੀ ਨਾਲ ਲੈ ਜਾਇਆ ਜੇ ॥ ਏਧਰ ਹੀਰ ਤੇ ਰਾਂਝੇ ਨੂੰ ਲੈਣ ਚਲੇ ਉਧਰੋਂ ਖੇੜਿਆਂ ਦਾ ਨਾਈ ਆਇਆ ਜੇ ॥ ਸਿਆਲਾਂ ਆਖਿਆ ਖੇੜਿਆਂ ਨਾਲ ਸਾਡੇ ਕੋਈ ਖੈਰ ਦਾ ਬੀਰ ਨਾ ਪਾਇਆ ਜੇ ॥ ਸਚ ਤੁਸਾਂ ਤੋਂ ਓਹ ਕਿਸੇ ਖੂਹ ਡੁਬੀ ਕੇਹਾ ਦੇਸ਼ ਤੇ ਪੁਛਣਾ ਪਾਇਆ ਜੇ ॥ ਹੀਰ ਵਿਆਹ ਦਿੱਤੀ ਮੂਈ ਗਈ ਸਾਥੋਂ ਮੁਖ ਹੀਰ ਦਾ ਨਹੀਂ ਵਿਖਾਇਆ ਜੇ ॥ ਓੜਕ ਤੁਸਾਂ ਤੋਂ ਇਹ ਉਮੈਦ ਆਹੀ ਛੇੜੋ ਸੁਥਰਿਆਂ ਵਾਂਗ ਵਜਾਇਆ ਜੇ ॥ ਓਵੇਂ ਮੋੜਕੇ ਨਾਈ ਨੂੰ ਤੋਰਿਆ ਨੇ ਮੁੜ ਫੇਰ ਨ ਅਸਾਂ ਵਲ ਆਇਆ ਜੇ ॥ ਭਾਈਆਂ ਜਾਇਕੇ ਹੀਰ ਨੂੰ ਘਰੀਂ ਆਂਦਾ ਰਾਂਝਾ ਨਾਲ ਹੀ ਘਰੀਂ ਮੰਗਾਇਆ ਜੇ ॥ ਲਾਹ ਮੁੰਦਰਾਂ ਜਟਾਂ ਮੁਨਾਈਆਂ ਨੀ ਸਿਰ ਸੋਹਣੀ ਪਗ ਬੰਨ੍ਹਾਇਆ ਜੇ ॥ ਘੱਤ ਖੰਡ ਤੇ ਘਿਉ ਤੇ ਦੁਧ ਚਾਵਲ ਅੱਗੇ ਰਖਕੇ ਪਲੰਘ ਵਿਛਾਇਆ ਜੇ ॥ ਧਾਕੂਸ਼ ਦੇ ਪਿਆਰੜੇ ਪੁੱਤ ਵਾਂਗੂੰ ਕੱਢ ਖੂਹ ਥੀਂ ਤਖਤ ਬਹਾਇਆ ਜੇ ॥

ਨਾਲ ਵੇਹਿ ਲਾਗ੍ਰੀ ਬੂਸ਼ੀ ਵੈਹ ਸਭਨਾਂ ਤਰਵਧਾਰਾਂਦੀ ਓਹ
ਭਿਜਵਾਇਆ ਜੇ ॥ ਭਾਈ ਚਾਹੇ ਨੂੰ ਮੇਲ ਬਹਾਲ ਕੇ ਤੇ ਸਭੋ
ਹਾਲ ਅਹਿਵਾਲ ਸੁਣਾਇਆ ਜੇ॥ ਵਾਰਸਸ਼ਾਹ ਇਹ ਕੁਦਰਤਾਂ
ਰੱਬਦੀਆਂ ਨੀ ਵੇਖ ਨਵਾਂ ਪਖੰਡ ਜਗਾਇਆ ਜੇ ॥

॥ ਰਾਂਝੇ ਘਰ ਜਾਕੇ ਆਰਾਮ ਕੀਤਾ ॥

ਰਾਂਝੇ ਜਾਇਕੇ ਘਰੀਂ ਆਰਾਮ ਕੀਤਾ ਗੰਢੀਂ ਫੇਰੀਆਂ ਵਿਚ
ਭਾਈਆਂ ਦੇ ॥ ਸਾਰਾ ਕੋੜਮਾ ਆਣਕੇ ਗਿਰਦ ਹੋਇਆ ਬੈਠਾ
ਘੇਰ ਹੋਇ ਵਿਚ ਭਰਜਾਈਆਂ ਦੇ॥ ਭਲੋ ਭਾਈਓ ਹੀਰ ਵਿਆਹ
ਲਿਆਈਏ ਸਿਆਲ ਲਈ ਜੇ ਨਾਲ ਵਡਿਆਈਆਂ ਦੇ ॥ ਜੋੜ
ਜੋੜਕੇ ਰਾਂਝੇ ਤਿਆਰ ਕੀਤੀ ਦੈਂ ਕਰਾਇ ਬੱਧੇ ਮਗਰ ਨਾਈਆਂ
ਦੇ ॥ ਵਾਜੇ ਵੱਖਣੀ ਧਜਾ ਦੇ ਨਾਲ ਵੱਜਣ ਲਗੇ ਰੰਗ ਛੈਲੇ
ਸ਼ਹਨਾਈਆਂ ਦੇ ॥ ਵਾਰਸਸ਼ਾਹ ਵਿਸਾਹ ਕੀ ਜਿੰਦਗੀ ਦਾ
ਬੰਦਾ ਬੱਕਰਾ ਹੱਥ ਕਸਾਈਆਂ ਦੇ ॥

॥ ਸਿਆਲਾਂ ਬੈਠਕੇ ਵਿਚਾਰ ਕੀਤੀ ॥

ਸਿਆਲਾਂ ਬੈਠਕੇ ਸੱਭ ਵਿਚਾਰ ਕੀਤੀ ਭਲੇ ਆਦਮੀ ਗੈਰਤਾਂ
ਪਾਲਦੇ ਨੀ ॥ ਪਤ ਰਹੇਗੀ ਨਾ ਜੇ ਤੋਰ ਦਿੱਤੀ ਨੱਢੀ ਨਾਲ
ਮੁੰਡੇ ਮਹੀਂ ਵਾਲਦੇ ਨੀ ॥ ਜਾਰੇ ਗੱਲ ਮਸ਼ਹੂਰ ਜਹਾਨ ਸਾਰੇ
ਸਾਨੂੰ ਮੇਹਣਾ ਹੀਰ ਸਿਆਲ ਦੇ ਨੀ ॥ ਪਟ ਛੱਡੀਏ ਕਾਲਖ
ਚੱਟੀਆਂਦੀ ਬੁਰੇ ਐਬ ਤੇ ਮੇਹਣੇ ਗਾਲ ਦੇ ਨੀ ॥ ਜਿੱਥੇ ਖਾਵੰਦਾਂ
ਤਿੱਥੇ ਦਾ ਬੜਾ ਮੰਗਣ ਦਗਾ ਕਰਨ ਹੋ ਮਹਿਰਮ ਹਾਲ ਦੇ

ਨੀ॥ ਦਸਤਾਰ ਨਜ਼ਰ ਦੀ ਨਹੀਂ ਈਮਾਨ ਅਤੇ ਧੋਖੇ ਜੋੜਾਂ ਅੰਦੜੀਆਂ ਚਾਲ ਦੇ ਨੀ॥ ਅਸ਼ਰ ਵਿਚ ਦੇ ਉਸ ਮੁਹਜ਼ੇਲਦੇਣਾ ਔਲਾਦ ਸਭ ਕਰਨ ਧਨ ਮਾਲਦੇ ਨੀ ॥ ਔਰਤ ਅਪਣੀ ਕੋਈ ਜੋ ਗੈਰ ਵੇਖਣ ਗੈਰਤ ਕਰਨ ਨਾ ਉਸਦੇ ਨਾਲ ਦੇ ਮੂੰਹ ਜਿਨਾਂਦੇ ਅਤਾ ਖੁਦਾਵਾਂਗੂੰ ਕਾਲਕ ਕਰੇ ਰਬੀ ਕਲੋ ਗਾਲ ਨੀ॥ ਸੱਯਦ ਸ਼ੇਖ ਨੂੰ ਮੰਨਣਾ ਰਵਾ ਨਾਹੀਂ ਅਮਲ ਕਰੇ ਓਹ ਚੰਡਾਲ ਦੇ ਨੀ ॥ ਹੋਵੇ ਚੂਹੜਾ ਤਰਕ ਹਰਾਮ ਸਭ ਮੁਸਲਮਾਨ ਸਭ ਉਸਦੇ ਨਾਲਦੇ ਨੀ॥ ਦੌਲਤਵੰਦ ਦੁੱਸ਼ਮਣੀ ਤਰਕ ਸੋਹਬਤ ਮਗਰ ਲੱਗੀਏ ਨੇਕ ਕੰਗਾਲਦੇ ਨੀ॥ ਵੇਖੋ ਕੱਚ ਥੀਂ ਲਾਲ ਨਾ ਹੋਇ ਜਾਂਦਾ ਜੇ ਪਰੋਈਏ ਨਾਲ ਜੋ ਲਾਲਦੇ ਨੀ॥ ਜ਼ਹਿਰ ਦੇਇਕੇ ਮਾਰੀਏ ਹੀਰ ਤਾਈਂ ਗੁਨਾਹਗਾਰ ਹੋ ਜਲ ਜਲਾਲਦੇ ਨੀ॥ ਮਾਰ ਸੁੱਟਿਆ ਹੀਰ ਨੂੰ ਮਾਪਿਆਂ ਨੇ ਏਹ ਪੇਖਣੇ ਉਸਦੇ ਨਾਲਦੇ ਨੀ॥ ਬਦ ਅਮਲ ਜਹਾਨ ਥੀਂ ਕਰਨ ਚੋਰੀ ਮਹਿਰਮ ਹਾਲ ਤੇਰੇ ਵਾਲ ਵਾਲਦੇ ਨੀ॥ ਸਾਨੂੰ ਕੇਹੜੇ ਸਾਥ ਰਲਾਵਣਾ ਈ ਅਸਾਂ ਆਸਰੇ ਫ਼ਜ਼ਲ ਕਮਾਲਦੇ ਨੀ॥ ਜੇਹੜੇ ਦੋਜ਼ਖਾਂ ਨੂੰ ਖਿੰਨ੍ਹ ਟੋਰੀਅਨਗੇ ਵਾਰਸ ਸ਼ਾਹ ਫ਼ਕੀਰਦੇ ਨਾਲ ਦੇ ਨੀ ॥

॥ ਹੀਰ ਫ਼ੌਤ ਹੋਈ ॥

ਹੀਰ ਜਾਨ ਬਹਿਸ਼ਤ ਮਲੀ ਮੌਤੀ ਸਿਆਲਾਂ ਦਫਨ ਕਰ ਖਤ ਲਿਖਵਾਇਆ ਈ॥ ਕਲੀਰਾਂ ਤੇ ਕੂਕਤਾ ਸਭ ਖਤਮ ਹੋਏ ਮੌਤ

ਸਭਾਂ ਹੱਥ ਫੜ ਮਾਇਆ ਆਈ ॥ ਕੁਲ ਸ਼ੈਇਨ ਹਾਲਿਕ ਇਲਾ
ਵਜਹਾ ਹੁਕਮ ਵਿੱਚ ਕੁਰਾਨ ਦੇ ਆਇਆ ਆਈ ॥ ਅਸਾਂ ਸਬਰ ਕੀਤਾ
ਭੁਲੇ ਸਬਰ ਦਾ ਰਾਹ ਉਹ ਪੂਰੇ ਨਹੀਂ ਹੁੰਦੜਾ ਆਇਆ ਆਈ ॥ ਅਸਾਂ
ਉਮੈਦ ਸੀ ਹੋਰ ਹੋਈ ਜਾਲੀ ਜਾਇਉ ਮੈਦ ਵਰ ਮਾਇਆ ਆਈ ॥
ਜੋ ਲੱਖੀ ਕਿਵੇਂ ਨਾ ਟਲੇ ਹਰਗਿਜ਼ ਰੁਕਾ ਲਿਖ ਮਾਨੁਖ
ਜਾਇਆ ਆਈ ॥ ਵੇਹੜਾ ਢੂੰਡਦਾ ਮੁੜਕੇ ਜਾ ਇਵੜਿਆ ਅਤੇ
ਔਇਕੇ ਹੱਥ ਵੜਾਇਆ ਆਈ ॥ ਏਹੋ ਰੋਵਣਾ ਖਬਰ ਕੀ
ਲਿਆ ਇਉ ਰੋਇ ਮੂੰਹ ਕਾਸਨੂੰ ਬੁਰਾ ਬਣਾਇਆ ਆਈ ॥ ਮੇਰੇ
ਮਾਲਨੂੰ ਧੈਰ ਹੈ ਕਾਸਦਾ ਈ ਰੋਇ ਆਖ ਭੁਸਕਣਾ ਕਾਸਨੂੰ
ਲਾਇਆ ਆਈ ॥ ਤੇਰੇ ਮਾਲਨੂੰ ਧਾੜਵੀ ਓਹ ਪਿਆ ਜਿਥੋਂ ਕਿਸੇ
ਨਾ ਮੂਲ ਛੁਡਾਇਆ ਆਈ ॥ ਹੀਰ ਮੋਈ ਨੂੰ ਅੱਠਵਾਂ ਪਹਿਰ
ਹੋਇਆ ਮੈਨੂੰ ਸਿਆਲ ਨੇ ਤੁਰਤ ਭਿਜਾਇਆ ਆਈ ॥ ਵਾਰਸ ਸ਼ਾਹ
ਮੀਆਂ ਗੱਲ ਨੀ ਕਸਾਨੇ ਤੈਥੇ ਕੂਚਦਾ ਆਦਮੀ ਆਇਆ ਆਈ ॥

॥ ਕਲਾਮ ਸ਼ਾਇਰ ॥

ਕਈ ਬੋਲ ਗਏ ਸਾਰੀ ਉਮਰ ਉਤੇ ਏਥੇ ਕਿਸੇ ਨਾ ਆਲ੍ਹਣਾ
ਪਾਇਆ ਆਈ ॥ ਕਈ ਹੁਰਮਤੇ ਜ਼ੁਲਮ ਕਮਾਇ ਚਲੇ ਨਾਲ ਕਿਸੇ
ਨਾ ਸਾਥ ਲਦਾਇਆ ਆਈ ॥ ਵਡੀ ਉਮਰ ਵਾਅਜ਼ ਔਲਾਦ ਵਾਲਾ
ਜਿਸ ਨੂਹ ਤੂਫ਼ਾਨ ਮੰਗਾਇਆ ਆਈ ॥ ਇਹ ਰੂਹ ਕਲਬੂਤ ਦਾ
ਜ਼ਿਕਰ ਸਾਰਾ ਨਾਲ ਅਕਲ ਦੇ ਮੇਲ ਮਿਲਾਇਆ ਆਈ ॥ ਅਗੇ
ਹੀਰ ਨਾ ਕਿਸੇ ਲਈ ਐਸੀ ਜਿਹਰ ਬਹੁਤ ਮਤਲਬ

ਬਣਾਇਆਈ॥ਵਾਰਸਸ਼ਾਹ ਮੀਆਂ ਲੋਕਾਂ ਆਕਲਾਂ ਨੂੰ ਕਿੱਸਾ ਹੀਰ ਦਾ ਸਭ ਸੁਣਾਇਆਈ ॥

॥ ਰਾਂਝੇ ਨੇ ਆਹ ਮਾਰੀ ॥

ਰਾਂਝੇ ਵਾਂਗ ਫਰਿਹਾਦਦੇ ਆਹ ਮਾਰੀ ਹੋਗਈਸੁਜਾਨਹਵਾਇ ਮੀਆਂ ॥ ਦੋਵੇਂ ਯਾਰ ਫਨਾਹ ਥੀਂ ਗਏ ਸਾਬਤ ਜਾਇ ਵਿਚੋਂ ਕੀ ਰੱਬ ਦਰਗਾਹ ਮੀਆਂ ॥ ਦੋਵੇਂ ਰਾਹ ਮੀਜਾਜ਼ ਦੇ ਰਹੇ ਸਾਬਤ ਨਾਲ ਸਿਦਕ ਦੇ ਗਏ ਨਿਬਾਹ ਮੀਆਂ ॥ ਵਾਰਸਸ਼ਾਹ ਇਸ ਖਾਬ ਸਰਾਂਇ ਅੰਦਰ ਕਈ ਵਾਜੜੇ ਗਏ ਵਜਾਇ ਮੀਆਂ ॥

॥ ਕਲਾਮ ਸ਼ਾਇਰ ॥

ਸੰਨ ਯਾਰਾਂ ਸੈ ਅੱਸੀਓਂ ਨਬੀ ਹਜਰਤ ਲੰਮੇ ਦੇਸ ਦੇ ਵਿੱਚ ਤਿਆਰ ਹੋਈ ॥ ਸੰਮਤ ਅਠਾਰਾਂ ਸੈ ਬਾਈ ਸੀ ਰਾਜਿ ਬਿਕ੍ਰਮ ਲੋਕ ਆਖਦੇ ਭਾਖਦੇਸਾਰ ਹੋਈ॥ ਜਦੋਂ ਦੇਸ ਦੇ ਜਟ ਸਰਦਾਰ ਹੋਏ ਘਰੋ ਘਰੀ ਜਾਂ ਨਵੀ ਸਰਕਾਰ ਹੋਈ ॥ ਅਸ਼ਰਾਫ਼ਖ਼ਰਾਬ ਕਮੀਨ ਜ਼ਾਤਾਂ ਜ਼ਿਮੀਂਦਾਰਨੂੰਬਡੀਬਹਾਰਹੋਈ॥ ਚੋਰ ਚੌਧਰੀ ਯਾਰ ਨਾਪਾਕ ਦਾਮਨ ਭੂਤ ਮੰਡਲੀ ਇਕਦੂ ਚਾਰ ਹੋਈ ॥ ਵਾਰਸ ਜਿਨ੍ਹਾਂ ਨੇ ਰੱਬ ਨੂੰ ਯਾਦ ਕੀਤਾ ਬੇੜੀ ਤਿਨ੍ਹਾਂ ਦੀ ਆਕਬਤ ਪਾਰ ਹੋਈ ॥

॥ ਕਲਾਮ ਸ਼ਾਇਰ ॥

ਖਰਲ ਹਾਂਸਦਾ ਮੁਲਕ ਮਸ਼ਹੂਰ ਮਲਕਾ ਜਿਥੇ ਸ਼ਿਅਰਕੀਤਾ ਯਾਰਾਂ ਵਾਸਤੇ ਮੈਂ॥ਪਰਖ ਸ਼ੇਅਰ ਦੀ ਆਪ ਕਰ ਲੈਨਸ਼ਾਇਰ

ਘੋੜ੍ਹ ਚੋਇਆ ਵਿਚ ਠਖਾਸਦੇ ਮੈਂ ॥ ਪਤੂਨ ਗੱਭਰੂ ਉਸਾਰਿਕੇ
ਸੂਫੀ ਹੋਏਕੇ ਫੁਲ ਬੀਜਿਆ ਵਾਸਤੇ ਬਾਸਦੇ ਮੈਂ ॥ ਵਾਰਸਸ਼ਾਹ
ਨ ਆਕਲਾਂ ਦੀ ਗਲ ਮੈਥੇ ਕਰਾਂ ਮਾਨ ਨਮਾਨਿਆਂ ਕਾਸਦਾ ਮੈਂ ॥

॥ ਵਾਰਸਸ਼ਾਹ ਦੀ ਆਜਜ਼ੀ ॥

ਅਫ਼ਸੋਸ ਮੈਨੂੰ ਅਪਨੀ ਨਾਕਸੀ ਦਾ ਗੁਨਾਹਗਾਰਨੂੰ ਦਰਬਰਦੇ
ਨੂਰਦਾ ਸ਼ਾ॥ ਉਨ੍ਹਾਂ ਮੋਮਨਾਂ ਖੇਡ ਖੁਦਾਇਦਾਈ ਅਤੇ ਹਾਜੀਆਂ
ਕੈਤਲ ਮਾਮੂਰਦਾ ਏ ॥ ਸੂਬੇਦਾਰ ਨੂੰ ਲਸ਼ਕਰ ਸਿਪਾਹੀਆਂਦੀ
ਅਤੇ ਚਾਕਰਾਂ ਕਾਰ ਜ਼ਰੂਰਦਾ ਏ ॥ ਸਾਨੂੰ ਸ਼ਰਮ ਹਯਾਉ ਹੈ
ਉਹਦੇ ਰਹੀਦਾ ਜਿਵੇਂ ਮੂਸੇ ਨੂੰ ਖੌਫ ਕੋਹਤੂਰਦਾ ਏ ॥ ਸਾਰੇ
ਮੁਲਕ ਪੰਜਾਬ ਖਰਾਬ ਵਿਚੋਂ ਮੈਨੂੰ ਬੜਾ ਅਫਸੋਸ ਕਸੂਰ ਦਾ ਜੇ॥
ਜਿਨ੍ਹਾਂ ਕਾਜੀਆਂ ਕਰਮ ਬਹਿਸ਼ਤ ਹੋਵੇ ਤੇ ਸ਼ਹੀਦ ਦਾ ਵਾਇਦਾ
ਹੂਰਦਾ ਏ ॥ ਵਿਚੋਂ ਸੱਖਣਾ ਤੇ ਐਵੇਂ ਸ਼ਾਨ ਬਾਹਰ ਜਿਵੇਂ ਢੋਲ
ਸੁਹਾਵਣਾ ਦੂਰਦਾ ਏ॥ ਵਾਰਸਸ਼ਾਹ ਵਸਨੀਕ ਜੰਡਿਆਲੜੇਦਾ
ਤੇ ਸ਼ਗਿਰਦ ਮਖਦੂਮ ਕਸੂਰਦਾ ਏ॥ ਰੱਬਨਾਲ ਅਖੀਰ ਈਮਾਨ
ਬਖਸ਼ੇ ਮੈਨੂੰ ਆਸਰਾ ਰੱਬ ਗ਼ਫ਼ੂਰਦਾ ਏ॥ ਵਾਰਸਸ਼ਾਹ ਨਾ ਅਮਲ
ਦੇ ਤਾਣ ਸਾਨੂੰ ਕਰੇ ਆਪ ਬਖਸ਼ ਲੈਣਾ ਹਜ਼ੂਰਦਾ ਏ॥ ਜੇਗਾ ਵਿੱਚ ਰੱਦੇ
ਰੌਸ਼ਨ ਨਾਮ ਤੇਰਾ ਕਰਮ ਹੋਵੇ ਜੇ ਰੱਬ ਸ਼ਕੂਰਦਾ ਏ॥ ਵਾਰਸਸ਼ਾਹ
ਤੇ ਜਮਲਿਆਂ ਮੋਮਨਾਂ ਨੂੰ ਹਿੱਸਾ ਬਖ਼ਸ਼ ਤੂੰ ਆਪਣੇ ਨੂਰਦਾ ਏ॥

॥ ਕਲਾਮ ਕਿਤਾਬ ॥

ਖ਼ਤਮ ਰੱਬ ਦੇ ਕਰਮ ਦੇ ਨਾਲ ਹੋਈ ਫਰਮਾਇਸ਼ ਪਿਆਰੜੇ

...ਆਂ ਫ਼ਹਿਰ ਕੀਤਾ ਮੁਹੰ ਮਰਕਜ਼ [illegible]
...ਸ਼ਾਹਵਾਰਦੀ ਸੀ ॥ ਤਅਸੀਲਦਾਰ [illegible]
...ਰੈਲਦੀ ਖ਼ੂਬ ਬਹਾਰਦੀ ਸੀ ॥ [illegible]
...ਮੁਕੱਦਰ ਹੋਏ ਵਾਹ ਵਾਹ ਸਭ ਖ਼ਲਕ ਪੁਕਾਰਦੇ ਸੀ ॥
ਤਸ਼ਬੀਹ ਨੂੰ ਸਿਰ ਦੀਦਾਰ ਦੀ ਹੈ ਕੈਂਚੀ [illegible]
...ਟਕਦਾ ਜਾਂਵਦੀ ਸੀ ॥

॥ ਰੁਬਾਇ ਸ਼ਾਇਰ ॥

ਸਭ ਲਿਖਣੇਵਾਲਿਆਂ ਦੂ ਮਾਲਿਆਂ ਨੂੰ ਪਰੂਨ ਵਾਲਿਆਂ [illegible]
...ਸਾਈਂ ॥ ਸੁਨਣਵਾਲਿਆਂ ਨੂੰ ਬਖ਼ਸ਼ ਖ਼ੁਸ਼ੀ [illegible]
ਸੈਰ ਤੇ ਫ਼ੈਰ ਦਾ ਗਾਹਿ ਸਾਈਂ ॥ ਰਖੀਂ ਸ਼ਰਮ [illegible]
ਸ਼ਾਮਲਿਆਂ ਦਾ ਮੀਠੀ ਮੁਹੱਬਤ ਲੈਆਸ਼ਾਈਂ ॥ [illegible]
ਤਮਾਮੀਆਂ ਸੱਜਣਾਂ ਨੂੰ ਵਲੀ ਦੀਨ ਫ਼ਿਮਾਨ ਲਵਾਸਾਈਂ ॥

॥ ਕਲਾਮ ਸ਼ਾਇਰ ॥

ਦੀਨ ਨੂਰ ਵਾਂਙ ਕਲਬੂਤ ਜਾਣੇ ਸ਼ਾਹਨਸ਼ਾਹ ਹੋਕੇ [illegible]
ਬਣਾਇਆਸਾਈ ॥ ਪੰਜ ਪੀਰ ਹੋਕੇ ਪੰਜ ਖਵਾਜ ਤੇਰੇ [illegible]
ਆਪਣਾ ਭੁਲਨੂੰ ਲਾਇਆਸਾਈ ॥ ਕਲੀ ਹੱਕ ਕਵੇਸ਼ਕੇ [illegible]
ਤੇਰੇ ਅਦਾਲ ਮੁਹੰਮਦ ਤਕਦੀਰ ਨਾਹਿਲਾਇਆਸਾਈ ॥ [illegible]
ਅਜ਼ਲਾਈਲਦੀ ਮੇਲਾਸੋਹਣਾਲੈ ਵਿਹੀਖਿਹਨੂੰ ਲਾਇਆਸਾਈ
ਤੈਂਡੇ ਲੰਕਾ ਸ਼ੈਤਾਨ ਮਲਊਨ ਜਾਣੇ ਜਿਸਨੇ ਵਿਚ [illegible]
[illegible]

[illegible] ਪੈਰੋਂ ਬਣਾਇਆਈ ॥ ਕੇਹੜਾ
ਫਿਰਦੀ ਦਾ ਜਿਸ ਦੋਜ਼ਖ ਰਾਹ ਸਤਾਇਆ
ਤੇ ਜਿਸਮ ਹੈ ਖ਼ਾਕ ਤੇਰਾ ਏਨਾਂ ਰੋਗਾਂ ਨੇ [illegible]
[illegible] ਬਾਸ਼ੀ ਤੇ ਰੂਪ ਰਵੇਲ ਬਾਗੀ ਜਿਨਾਂ [illegible]
[illegible]ਆਈ ॥ ਤ੍ਰਿੰਵਣ ਫੈਰ ਬਦਅਮਲੀਆਂ [illegible]
[illegible] ਕਰਦ ਸੀ ਦੋਜ਼ਖੀਂ ਪਾਇਆਈ ॥ ਅਦਲੀ [illegible]
[illegible] ਜਿਸ ਦੀ ਨਫ਼ਸ ਨਾ ਲਿਵ ਲਾਇਆਈ ॥ [illegible]
[illegible] ਕੇ ਜਿਸ ਨੇ ਸਭ ਅੰਗ ਭਬੂਤ ਰਮਾਇਆਈ ॥
[illegible] ਸਲੀਕ ਹੈ ਮਾਉਂ ਦਾ ਸ਼ਿਕਮ ਬੰਦੇ ਜਿਸ ਵਿਚ [illegible]
[illegible] ਲੈ ਪਾਇਆਈ ॥ ਵੇਣੀ ਜਾਨ ਘੇਰੇ ਹਥੀ ਸ਼ਾਖ [illegible]
[illegible] ਬਾਗ਼ ਬਣਾਇਆਈ ॥ ਜੋਗ ਜਾਣ [illegible]
ਜਿਦੇ ਭੀਖ ਮੰਗੇ ਤੇਰੇ ਅਮਲ ਮਕਾਨ ਸਜਾਇਆਈ ॥
[illegible] ਪੀਂਦਿਆਂ ਆਪ ਮੁਹਾਇਆਈ ਜਿਨ੍ਹੇਂ ਹਾਲ ਸੂਬੂ ਕਾਨੂੰ
[illegible]ਆਈ ॥ ਮਨੇ ਸ਼ੈਤਾਨੀ ਗਾਫ਼ਲਾ ਘੂਕ ਸੁਤੋਂ ਵਿਚੋਂ
ਰਗੀਆਂ ਦੇ ਖੇਤ ਰੁਲਾਇਆਈ ॥ ਜੋਗੀ ਯਾਰ ਤਾਂ ਤੈਰਾ [illegible]
[illegible] ਜਾਨੀ ਯਾਰ ਵਿਚੋਂ ਮਨੋ ਭੁਲਾਇਆਈ ॥ ਵਾਰਸ ਸ਼ਾਹ
ਮੀਆਂ ਤੇਰੇ ਯਾਰ ਤੇ ਹਰਿ ਕਲਮਾਂ ਪਾਕ ਕੁਰਆਨ ਤੇ ਆਇਆਈ ॥

ਸੰਪੂਰਣ

ਦੇ ਪੁਸਤਕ ਗੁਰਮੁਖੀ
ਲੂ ਵਾ ਅੰਗ੍ਰੇਜ਼ੀ ਦੇ ਇਸ ਕਾਰ
ਵਿੱਚੋਂ ਸਭਨਾਂ ਦੁਕਾਨਦਾਰਾਂ ਨਾਲੋਂ
ਸਸਤੇ ਮਿਲਦੇ ਹਨ, ਜਿਸ ਸਾਹਿਬ ਨੂੰ
ਕੋਈ ਕਿਤਾਬ ਯਾ ਗ੍ਰੰਥ, ਪੁਸਤਕ ਦਰਕਾਰ
ਹੋਵੇ ਕੀਮਤ ਭੇਜ ਕਰ ਮੰਗਵਾ ਲੇਵਣ ।

ਵਿਗ੍ਯਾਪਕ

ਭਾਈ ਸਾਹਿਬ
ਮੁਨਸ਼ੀ ਗੁਲਾਬਸਿੰਘ ਐਂਡ ਸਨਜ਼

ਮਾਲਕਾਨ ਮੁਫੀਦਆਮ ਪ੍ਰੈਸ
ਮੁਤਸਿਲ ਕੋਠੀ ਕਚਹਿਰੀ ਜ਼ਿਲਾ ਲਾਹੌਰ